World Punjabi News Network

WORLD PUNJABI NEWS
ਪੰਜਾਬੀ | ਪੰਜਾਬੀ

ਲੋਕ ਹਿੱਤ ਵਿੱਚ ਪੱਤਰਕਾਰੀ

@worldpunjabinews
@worldpunjabinewstv
@wpunjabinews
@worldpunjabinews
@worldpunjabinews

INDIA AUSTRALIA CANADA NEW-ZEALAND U.S.A. U.K. U.A.E. QATAR ITALY BELGIUM FRANCE GREECE GERMANY AFRICA MALAYSIA PHILIPPINES THAILAND INDONESIA MAURITIUS

NATIONAL WORLD EDUCATION SPORTS SCIENCE & TECHNOLOGY ENTERTAINMENT HEALTH & ENVIRONMENT HISTORY & CULTURE POLITICS LIFESTYLE LITERARY BUSINESS

# ਵੱਡੀ ਜਿੱਤ ਹਾਸਿਲ ਕਰਨ ਤੋਂ ਬਾਅਦ ਮਮਤਾ ਬੈਨਰਜੀ ਨੇ ਕੀਤਾ ਸਾਰਿਆਂ ਦਾ ਧੰਨਵਾਦ, ਕਿਹਾ ਕੋਰੋਨਾ ਨਿਯਮਾਂ ਦਾ ਪਾਲਨ ਕਰੋ



**ਨਵੀਂ ਦਿੱਲੀ ।** ਇਕ-ਇਕ ਕਰਕੇ ਸਾਰੇ ਸੂਬਿਆਂ 'ਤੇ ਕਬਜ਼ਾ ਕਰਨ ਨਿਕਲੀ ਮੋਦੀ-ਸ਼ਾਹ ਦੀ ਜੋੜੀ ਨੂੰ ਐਤਵਾਰ ਜ਼ਬਰਦਸਤ ਧੱਕਾ ਲੱਗਿਆ, ਜਦ ਪੱਛਮੀ ਬੰਗਾਲ ਦੇ ਲੋਕਾਂ ਨੇ ਭਾਜਪਾ ਨੂੰ ਤਕੜੀ ਸੱਟ ਮਾਰੀ, ਹਾਲਾਂਕਿ ਜਿੱਤ ਦੇ ਜਸ਼ਨ ਦਰਮਿਆਨ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ 1957 ਵੋਟਾਂ ਨਾਲ ਹਾਰੀ ਐਲਾਨ ਦਿੱਤਾ ਗਿਆ . ਜੇ ਇਸ ਪੂਰਬੀ ਰਾਜ ਵਿਚ ਭਾਜਪਾ ਦੇ ਹੱਥ 80 ਤੋਂ ਵੀ ਘੱਟ ਸੀਟਾਂ ਲੱਗ ਰਹੀਆਂ ਸਨ ਤਾਂ ਉਥੇ ਧੁਰ ਦੱਖਣ ਵਿਚ ਲੈੱਫਟ ਡੈਮੋਕਰੇਟਿਕ ਫਰੰਟ (ਐੱਲ ਡੀ ਐੱਫ) ਨੇ ਕੇਰਲਾ ਵਿਚ ਲਗਾਤਾਰ ਦੂਜੀ ਵਾਰ ਸੱਤਾ ਵਿਚ ਆ ਕੇ ਇਤਿਹਾਸ ਰਚ ਦਿੱਤਾ . ਤਾਮਿਲਨਾਡੂ ਵਿਚ ਵੀ ਅੰਨਾ ਡੀ ਐਮ ਕੇ ਤੇ ਭਾਜਪਾ ਦਾ ਗਠਜੋੜ ਨਾਕਾਮ ਰਿਹਾ ਅਤੇ ਡੀ ਐੱਮ ਕੇ ਆਗੂ ਸਟਾਲਿਨ ਦੀ ਅਗਵਾਈ ਵਿਚ ਖੱਬਾ-ਜਮਹੂਰੀ ਮੁਹਾਜ਼ ਸੱਤਾ ਵਿਚ ਆ ਗਿਆ . ਆਸਾਮ ਵਿਚ ਭਾਜਪਾ ਦੋਬਾਰਾ ਸਰਕਾਰ ਬਣਾਉਂਦੀ ਨਜ਼ਰ ਆ ਰਹੀ ਸੀ, ਜਦਕਿ ਕੇਂਦਰ ਸ਼ਾਸਤ ਪ੍ਰਦੇਸ਼ ਪੁਡੂਚੇਰੀ ਵਿਚ ਕਾਂਗਰਸ ਦੇ ਗਠਜੋੜ ਹੱਥੋਂ ਸੱਤਾ ਖਿਸਕ ਰਹੀ ਸੀ . ਇਨ੍ਹਾਂ ਚੋਣਾਂ ਵਿਚ ਕਾਂਗਰਸ ਨੂੰ ਕਾਫੀ ਨੁਕਸਾਨ ਉਠਾਉਣਾ ਪਿਆ ਹੈ, ਕਿਉਂਕਿ ਉਸ ਦੇ ਹੱਥ ਕੋਈ ਰਾਜ ਨਹੀਂ ਆਇਆ . ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਚੋਣਾਂ ਮੌਕੇ ਸਾਥ ਛੱਡਣ ਵਾਲੇ ਸੁਵੇਂਦੂ ਅਧਿਕਾਰੀ ਤੋਂ ਨੰਦੀਗਰਾਮ ਵਿਚ ਸ਼ੁਰੂਆਤੀ ਗੇੜਾਂ ਵਿਚ ਪਿੱਛੇ ਚੱਲ ਰਹੀ ਸੀ, ਪਰ ਇਕ ਮੌਕੇ 'ਤੇ ਖਬਰ ਆਈ ਕਿ ਉਹ ਲੱਗਭੱਗ 1200 ਵੋਟਾਂ ਨਾਲ ਜਿੱਤ ਗਈ ਹੈ . ਦੇਰ ਸ਼ਾਮ ਨੂੰ ਦੱਸਿਆ ਗਿਆ ਕਿ ਉਦੋਂ ਵੋਟਾਂ ਦੀ ਪੂਰੀ ਗਿਣਤੀ ਨਹੀਂ ਹੋਈ ਸੀ . ਉਂਜ ਮਮਤਾ ਦੀ ਪਾਰਟੀ ਤ੍ਰਿਣਮੂਲ ਕਾਂਗਰਸ 213 ਸੀਟਾਂ 'ਤੇ ਅੱਗੇ ਚੱਲ ਰਹੀ ਸੀ . 294 ਵਿਚੋਂ 292 ਸੀਟਾਂ ਲਈ ਵੋਟਾਂ ਪਈਆਂ ਸਨ . ਭਾਜਪਾ 78 ਸੀਟਾਂ 'ਤੇ ਅੱਗੇ ਚੱਲ ਰਹੀ ਸੀ . 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਇਸ ਤੋਂ 43 ਅਸੰਬਲੀ ਸੀਟਾਂ ਵੱਧ ਜਿੱਤੀ ਸੀ . 234 ਮੈਂਬਰੀ ਤਾਮਿਲਨਾਡੂ ਦੀਆਂ ਵੋਟਾਂ ਦੀ ਗਿਣਤੀ ਵਿਚ ਡੀ ਐਮ ਕੇ ਦੀ ਅਗਵਾਈ ਵਾਲਾ ਗੱਠਜੋੜ 143 ਸੀਟਾਂ 'ਤੇ ਅੱਗੇ ਚੱਲ ਰਿਹਾ ਸੀ . ਕੇਰਲਾ ਵਿਚ 140 ਵਿਚੋਂ ਐੱਲ ਡੀ ਐੱਫ 97 ਸੀਟਾਂ 'ਤੇ ਅੱਗੇ ਚੱਲ ਰਿਹਾ ਸੀ, ਜਦਕਿ ਕਾਂਗਰਸ ਦੀ ਅਗਵਾਈ ਵਾਲਾ ਯੂਨਾਈਟਿਡ ਡੈਮੋਕਰੇਟਿਕ ਫਰੰਟ 42 ਸੀਟਾਂ ਨਾਲ ਕਾਫੀ ਪਿੱਛੇ ਸੀ . ਭਾਜਪਾ ਖਾਤਾ ਵੀ ਨਹੀਂ ਖੋਲ੍ਹ ਸਕੀ . ਚੋਣਾਂ ਮੌਕੇ ਭਾਜਪਾ ਵਿਚ ਸ਼ਾਮਲ ਹੋ ਕੇ ਮੁੱਖ ਮੰਤਰੀ ਬਣਨ ਦੀ ਸੋਚਣ ਵਾਲੇ ਮੈਟਰੋਮੈਨ ਸ੍ਰੀਧਰਨ ਵੀ ਹਾਰ ਗਏ .

ਆਸਾਮ ਵਿਚ ਭਾਜਪਾ ਦਾ ਗਠਜੋੜ 78 ਸੀਟਾਂ 'ਤੇ ਅੱਗੇ ਸੀ, ਜਦਕਿ ਕਾਂਗਰਸ ਦਾ ਗਠਜੋੜ 42 ਸੀਟਾਂ ਨਾਲ ਕਾਫੀ ਪਿੱਛੇ ਸੀ . ਪੁਡੂਚੇਰੀ ਵਿਚ ਭਾਜਪਾ ਦੇ ਗਠਜੋੜ ਵਾਲਾ ਐੱਨ ਆਰ ਸੀ 30 ਵਿਚੋਂ 14 ਸੀਟਾਂ 'ਤੇ ਅੱਗੇ ਸੀ, ਜਦਕਿ ਕਾਂਗਰਸ ਗਠਜੋੜ ਨੂੰ ਸਿਰਫ 7 ਸੀਟਾਂ ਮਿਲ ਰਹੀਆਂ ਸਨ ।

## ਕਰੋਨਾ: ਪੰਜਾਬ ਸਰਕਾਰ ਵੱਲੋਂ ਪਾਬੰਦੀਆਂ ਸਖ਼ਤ; ਗ਼ੈਰ-ਜ਼ਰੂਰੀ ਵਸਤਾਂ ਵਾਲੀਆਂ ਦੁਕਾਨਾਂ 15 ਮਈ ਤੱਕ ਬੰਦ

### ਦੂਜੇ ਸੂਬਿਆਂ ਤੋਂ ਆਉਣ ਵਾਲਿਆਂ ਲਈ ਕਰੋਨਾ ਦੀ ਨੈਗੇਟਿਵ ਰਿਪੋਰਟ ਜ਼ਰੂਰੀ; ਪਿੰਡਾਂ 'ਚ ਠੀਕਰੀ ਪਹਿਰੇ ਲਾਉਣ ਦੇ ਨਿਰਦੇਸ਼

**ਚੰਡੀਗੜ੍ਹ।** ਪੰਜਾਬ ਸਰਕਾਰ ਨੇ ਕੋਵਿਡ ਮਹਾਂਮਾਰੀ ਦੇ ਮੱਦੇਨਜ਼ਰ ਸੂਬੇ ਵਿੱਚ ਪਾਬੰਦੀਆਂ ਸਖਤ ਕਰ ਦਿੱਤੀਆਂ ਹਨ ਅਤੇ ਗ਼ੈਰ-ਜ਼ਰੂਰੀ ਵਸਤਾਂ ਵਾਲੀਆਂ ਦੁਕਾਨਾਂ 15 ਮਈ ਤੱਕ ਬੰਦ ਰਹਿਣਗੀਆਂ। ਸੂਬੇ ਦੇ ਗ੍ਰਹਿ ਵਿਭਾਗ ਵੱਲੋਂ ਜਾਰੀ ਤਾਜ਼ਾ ਨੋਟੀਫਿਕੇਸ਼ਨ ਮੁਤਾਬਕ, ਬਾਹਰਲੇ ਸੂਬਿਆਂ ਤੋਂ ਆਉਣ ਵਾਲਿਆਂ ਨੂੰ ਕਰੋਨਾ ਦੀ ਨੈਗੇਟਿਵ ਰਿਪੋਰਟ ਨਾਲ ਹੀ ਦਾਖ਼ਲਾ ਮਿਲ ਸਕੇਗਾ ਜਾਂ ਦੋ ਹਫਤਿਆਂ ਅੰਦਰ ਵੈਕਸੀਨ ਦੀ ਘੱਟੋ-ਘੱਟ ਇੱਕ ਡੋਜ਼ ਲਏ ਜਾਣ ਵਾਲਾ ਸਰਟੀਫਿਕੇਟ ਦਿਖਾਉਣਾ ਲਾਜ਼ਮੀ ਹੋਵੇਗਾ। ਜ਼ਰੂਰੀ ਵਸਤਾਂ ਵਾਲੀਆਂ ਦੁਕਾਨਾਂ ਵਿੱਚ ਦਵਾਈ ਵਾਲੀਆਂ ਦੁਕਾਨਾਂ, ਜ਼ਰੂਰੀ ਵਸਤਾਂ ਜਿਵੇਂ ਦੁੱਧ, ਬਰੈੱਡ, ਸਬਜ਼ੀਆਂ, ਫਲ, ਡੇਅਰੀ, ਆਂਡਾ, ਮੀਟ ਆਦਿ ਦੀ ਸਪਲਾਈ ਅਤੇ ਮੋਬਾਈਲ ਰਿਪੇਅਰ ਵਾਲੀਆਂ ਦੁਕਾਨਾਂ ਸ਼ਾਮਲ ਹਨ। ਪਿੰਡਾਂ ਵਿਚ ਠੀਕਰੀ ਪਹਿਰੇ ਲਾਉਣ ਅਤੇ ਸ਼ਹਿਰਾਂ ਵਿੱਚ ਹਫ਼ਤਾਵਾਰੀ ਮੰਡੀਆਂ ਬੰਦ ਰੱਖਣ ਦਾ ਵੀ ਨਿਰਦੇਸ਼ ਦਿੱਤਾ ਗਿਆ ਹੈ। ਰੋਜ਼ਾਨਾ ਰਾਤਰੀ ਕਰਫਿਊ ਸ਼ਾਮ ਨੂੰ ਛੇ ਤੋਂ ਸਵੇਰੇ ਪੰਜ ਵਜੇ ਤੱਕ ਰਹੇਗਾ ਅਤੇ ਹਫ਼ਤਾਵਾਰੀ ਲੌਕਡਾਊਨ ਸ਼ੁੱਕਰਵਾਰ ਸ਼ਾਮ 6 ਤੋਂ ਸੋਮਵਾਰ ਸਵੇਰੇ 5 ਵਜੇ ਤੱਕ ਜਾਰੀ ਰਹੇਗਾ। ਪਬਲਿਕ ਟਰਾਂਸਪੋਰਟ 50 ਫੀਸਦੀ ਸਮਰੱਥਾ ਨਾਲ ਚੱਲ ਸਕੇਗੀ। ਕਾਰਾਂ ਆਦਿ 'ਚ ਸਿਰਫ਼ ਦੋ ਲੋਕ ਹੀ ਸਫ਼ਰ ਕਰ ਸਕਣਗੇ ਜਦਕਿ ਦੋ ਪਹੀਆ ਵਾਹਨਾਂ 'ਤੇ ਸਿਰਫ਼ ਇੱਕ ਵਿਅਕਤੀ ਹੀ ਸਫ਼ਰ ਕਰ ਸਕੇਗਾ।



## ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦਾ ਵੱਡਾ ਐਲਾਨ, ਰਾਜਨੀਤੀ ਤੋਂ ਦਿੱਤਾ ਅਸਤੀਫਾ

**ਨਵੀਂ ਦਿੱਲੀ।** ਪੱਛਮੀ ਬੰਗਾਲ ਵਿਚ ਪ੍ਰਸ਼ਾਂਤ ਕਿਸ਼ੋਰ, ਜਿਸ ਨੇ ਮਮਤਾ ਬੈਨਰਜੀ ਦੇ ਟੀਐਮਸੀ ਦੀ ਚੋਣ ਮੁਹਿੰਮ ਤੋਂ ਰਣਨੀਤੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ, ਉਹ ਹੁਣ ਚੋਣ ਰਣਨੀਤੀਕਾਰ ਵਜੋਂ ਕੰਮ ਨਹੀਂ ਕਰ ਰਹੇ। ਤ੍ਰਿਣਮੂਲ ਕਾਂਗਰਸ ਦੇ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਚੋਣ ਕੰਮ ਛੱਡਣ ਦਾ ਐਲਾਨ ਕੀਤਾ ਹੈ, ਇਸ ਦੇ ਬਾਵਜੂਦ ਟੀਐਮਸੀ ਬੰਗਾਲ ਵਿਚ ਵੱਡੀ ਜਿੱਤ ਲਈ ਤਿਆਰ ਹੈ ਅਤੇ ਭਾਜਪਾ 100 ਦੇ ਅੰਕ ਨੂੰ ਛੂਹਣ ਲਈ ਬਹੁਤ ਪਿੱਛੇ ਹੈ। ਪ੍ਰਸ਼ਾਂਤ ਕਿਸ਼ੋਰ ਨੇ ਕਿਹਾ, 'ਮੈਂ ਹੁਣ ਜੋ ਕਰ ਰਿਹਾ ਹਾਂ ਉਸ ਨੂੰ ਜਾਰੀ ਨਹੀਂ ਰੱਖਣਾ ਚਾਹੁੰਦਾ। ਮੈਂ ਕਾਫ਼ੀ ਕੀਤਾ ਹੈ ਹੁਣ ਸਮਾਂ ਆ ਗਿਆ ਹੈ ਕਿ ਬਰੇਕ ਲਈ ਜਾਵੇ ਅਤੇ ਮੈਂ ਜ਼ਿੰਦਗੀ ਵਿਚ ਕੁਝ ਹੋਰ ਕਰਨਾ ਚਾਹੁੰਦਾ ਹਾਂ। ਇਹ ਪੁੱਛੇ ਜਾਣ 'ਤੇ ਕਿ ਕੀ ਉਹ ਦੁਬਾਰਾ ਰਾਜਨੀਤੀ ਵਿਚ ਆਉਣਗੇ, ਪ੍ਰਸ਼ਾਂਤ ਕਿਸ਼ੋਰ ਨੇ ਕਿਹਾ, "ਮੈਂ ਇਕ ਅਸਫਲ ਰਾਜਨੇਤਾ ਹਾਂ।" ਜੇ ਮੈਂ ਰਾਜਨੀਤੀ ਵਿਚ ਜਾਂਦਾ, ਤਾਂ ਮੈਨੂੰ ਵਾਪਸ ਜਾਣਾ ਪੈਂਦਾ ਅਤੇ ਵੇਖਣਾ ਹੁੰਦਾ ਕਿ ਹੁਣ ਮੈਨੂੰ ਕੀ ਕਰਨਾ ਹੈ।



ਪ੍ਰਸ਼ਾਂਤ ਕਿਸ਼ੋਰ ਦਾ ਇਹ ਫੈਸਲਾ ਵੀ ਹੈਰਾਨੀਜਨਕ ਹੈ ਕਿਉਂਕਿ ਉਸ ਨੇ ਬੰਗਾਲ ਚੋਣ ਬਾਰੇ ਹੁਣ ਤੱਕ ਕੀਤੀ ਭਵਿੱਖਬਾਣੀ ਸੱਚੀ ਜਾਪਦੀ ਹੈ। ਭਾਜਪਾ 100 ਸੀਟਾਂ ਤੋਂ ਹੇਠਾਂ ਜਾ ਰਹੀ ਪ੍ਰਤੀਤ ਹੁੰਦੀ ਹੈ ਅਤੇ ਅਜਿਹੀ ਸਥਿਤੀ ਵਿਚ ਉਨ੍ਹਾਂ ਨੇ ਇਹ ਐਲਾਨ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਦਰਅਸਲ, ਪੱਛਮੀ ਬੰਗਾਲ ਵਿਚ, ਤ੍ਰਿਣਮੂਲ ਕਾਂਗਰਸ ਦੇ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਕਈ ਵਾਰ ਜਨਤਕ ਤੌਰ 'ਤੇ ਐਲਾਨ ਕੀਤਾ ਹੈ ਕਿ ਜੇ ਬੰਗਾਲ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਸੀਟਾਂ 100 ਪਾਰ ਕਰ ਜਾਂਦੀਆਂ ਹਨ ਤਾਂ ਉਹ ਨੌਕਰੀ ਛੱਡ ਦੇਣਗੇ। ਪਰ ਹਾਲ ਹੀ ਵਿੱਚ, ਪ੍ਰਸ਼ਾਂਤ ਕਿਸ਼ੋਰ, ਜੋ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਦੇ ਸਲਾਹਕਾਰ ਬਣੇ ਸਨ, ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਚੋਣ ਰਣਨੀਤੀਕਾਰ ਦੀ ਨੌਕਰੀ ਛੱਡ ਦੇਣਗੇ। ਉਨ੍ਹਾਂ ਕਿਹਾ ਸੀ ਕਿ ਜੇ ਭਾਜਪਾ ਨੂੰ 100 ਸੀਟਾਂ ਮਿਲਦੀਆਂ ਹਨ ਤਾਂ ਉਨ੍ਹਾਂ ਦੇ ਕੰਮ ਦਾ ਕੋਈ ਫਾਇਦਾ ਨਹੀਂ ਹੁੰਦਾ। ਹਾਲਾਂਕਿ ਭਾਜਪਾ ਬੰਗਾਲ ਚੋਣਾਂ ਵਿਚ ਇਸ ਨੰਬਰ ਤੋਂ ਬਹੁਤ ਪਿੱਛੇ ਹੈ, ਫਿਰ ਵੀ ਉਹ ਇਸ ਕੰਮ ਨੂੰ ਨਹੀਂ ਕਰੇਗੀ। ਚੋਣ ਕਮਿਸ਼ਨ ਦੀ ਵੈਬਸਾਈਟ ਦੇ ਅਨੁਸਾਰ, ਹੁਣ ਤੱਕ ਦੇ ਰੁਝਾਨਾਂ ਵਿੱਚ ਤ੍ਰਿਣਮੂਲ ਕਾਂਗਰਸ 201 ਸੀਟਾਂ ਉੱਤੇ ਅੱਗੇ ਚੱਲ ਰਹੀ ਹੈ, ਜਦੋਂਕਿ ਭਾਰਤੀ ਜਨਤਾ ਪਾਰਟੀ 78 ਸੀਟਾਂ ਉੱਤੇ ਹੈ। ਹਾਲਾਂਕਿ, ਹੁਣ ਤੱਕ 292 ਵਿਚੋਂ 284 ਸੀਟਾਂ ਦਾ ਰੁਝਾਨ ਰਿਹਾ ਹੈ। ਪਰ ਇਹ ਉਮੀਦ ਕੀਤੀ ਜਾਂਦੀ ਹੈ ਕਿ ਨਤੀਜਿਆਂ ਵਿਚ ਜ਼ਿਆਦਾ ਤਬਦੀਲੀ ਨਹੀਂ ਆਵੇਗੀ।

OUR PARTNERS IN PROMOTION
WORLD PUNJABI NEWS NETWORK

WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD PUNJABI NEWS NETWORK — NEWS & MEDIA PARTNER


ADVERTISE WITH US
+91 98155 88388
worldpunjabinews@gmail.com

# ... ਬਿਨੁ ਗੁਣ ਗਰਬੁ ਕਰੰਤ ॥

ਸ਼ਾਇਰੀ ਦੀਆਂ ਕੁਝ ਤੁਕਾਂ ਇੰਟਰਨੈੱਟ ਤੋਂ ਮੇਰੇ ਨਜ਼ਰੀਂ ਪਈਆਂ ਸਨ ਤੇ ਇਹ ਮੈਂ ਇੱਥੇ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ ਕਿਉਂਕਿ ਇਹ ਅੱਜ ਸਾਡੇ ਦੇਸ਼ ਦੇ ਹਾਲਾਤ ਬਾਖ਼ੂਬੀ ਬਿਆਨ ਕਰਦੀਆਂ ਹਨ:

''ਬਾਜ਼ਾਰ ਖਾਲੀ, ਸੜਕੇਂ ਖਾਲੀ, ਮੁਹੱਲੇ ਵੀਰਾਨ ਹੈਂ,
ਖ਼ੌਫ਼ ਬਰਪਾ ਹਰ ਤਰਫ਼ ਲੋਗ ਹੈਰਾਨ ਹੈਂ,
ਯੇ ਵੁਹ ਖ਼ੌਫ਼ ਹੈ ਜੋ ਦੁਨੀਆ ਕੋ ਡਰਾਨੇ ਆਇਆ ਹੈ,
ਇਤਿਹਾਸ ਗਵਾਹ ਹੈ ਕਿ ਯੇ ਮਸਲਾ ਭੀ ਸੁਲਝ ਜਾਏਗਾ''

ਇਹ ਕੋਈ ਲਾਜਵਾਬ ਸ਼ਾਇਰੀ ਤਾਂ ਨਹੀਂ ਕਹੀ ਜਾ ਸਕਦੀ, ਪਰ ਇਨ੍ਹਾਂ ਵਿਚ ਅੱਜ ਦੀ ਹਕੀਕਤ ਸਮੋਈ ਹੋਈ ਹੈ ਤੇ ਇਸ ਦਾ ਤੁਕਾਂਤ ਵੀ ਹਾਂਮੁਖੀ ਸਾਬਿਤ ਹੁੰਦਾ ਹੈ। ਇੰਨੇ ਥੋੜ੍ਹੇ ਸਮੇਂ ਵਿਚ ਹੀ ਅੱਜ ਅਸੀਂ ਇਸ ਮੁਕਾਮ 'ਤੇ ਕਿਵੇਂ ਪਹੁੰਚ ਗਏ ਹਾਂ ਤੇ ਮਹਾਮਾਰੀ ਨਾਲ ਲੜਨ ਲਈ ਅਸੀਂ ਕੋਈ ਤਿਆਰੀ ਨਹੀਂ ਕੀਤੀ? ਪਹਿਲਾ ਗੇੜ ਬਹੁਤਾ ਘਾਤਕ ਨਹੀਂ ਸੀ ਅਤੇ ਅਸੀਂ ਆਪਣੇ ਸੀਮਤ ਜਿਹੇ ਬੁਨਿਆਦੀ ਢਾਂਚੇ ਨਾਲ ਹੀ ਇਸ ਦਾ ਸਫ਼ਲਤਾ ਨਾਲ ਟਾਕਰਾ ਕਰ ਵੀ ਲਿਆ ਸੀ। ਦੂਜੀ ਲਹਿਰ ਵੇਲੇ ਗੜਬੜ ਕਿੱਥੇ ਹੋਈ, ਇਸ ਬਾਰੇ ਬਹੁਤ ਕੁਝ ਲਿਖਿਆ ਤੇ ਕਿਹਾ ਜਾ ਚੁੱਕਿਆ ਹੈ; ਮੈਂ ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਬਹਰਹਾਲ, ਇਸ ਤਰਾਸਦੀ ਦਾ ਇਕ ਵੱਡਾ ਕਾਰਨ ਹੈ-' ਉਪਰ ਤੋਂ ਲੈ ਕੇ ਪੌੜੀ ਦੇ ਹੇਠਲੇ ਡੰਡੇ ਤੱਕ ਫੈਲਿਆ ਘੁਮੰਡ। ਸਾਡੀ ਲੀਡਰਸ਼ਿਪ ਆਪੇ ਆਪਣੀ ਪਿੱਠ ਥਾਪੜਨ ਦੇ ਰੌਂਅ ਵਿਚ ਸੀ ਅਤੇ ਹਰ ਕੋਈ ਉਸ ਦਾ ਮਹਿਮਾ-ਗਾਨ ਕਰ ਰਿਹਾ ਸੀ। ਸੱਤਾਧਾਰੀ ਭਾਜਪਾ ਦੇ ਲੰਘੀ 21 ਫਰਵਰੀ ਦੇ ਸਿਆਸੀ ਮਤੇ ਵਿਚ ਕਿਹਾ ਗਿਆ ਹੈ ਕਿ ''ਭਾਰਤ ਨੇ ਕੋਵਿਡ ਦੌਰਾਨ ਜੋ ਕੰਮ ਕੀਤਾ ਹੈ, ਉਹ ਦੁਨੀਆ ਸਾਹਮਣੇ ਮਿਸਾਲ ਬਣ ਗਿਆ ਹੈ।'' ਅਸੀਂ ਦਾਅਵਾ ਕੀਤਾ ਸੀ ਕਿ ਅਸੀਂ ਵੈਕਸੀਨ ਤਿਆਰ ਕਰਨ ਦੇ ਕੰਢੇ ਪੁੱਜ ਗਏ ਹਾਂ ਜਿਸ ਨਾਲ ਸਮੁੱਚੀ ਦੁਨੀਆ ਨੂੰ ਮਜ਼ਬੂਤੀ ਮਿਲੇਗੀ। ਸਾਡੇ ਕੋਲ ਦੂਜੇ ਦੇਸਾਂ ਵੱਲੋਂ ਤਿਆਰ ਕੀਤੀਆਂ ਵੈਕਸੀਨਾਂ ਦਾ ਨਿਰਮਾਣ ਕਰਨ ਦੀ ਸਭ ਤੋਂ ਵੱਧ ਸਮੱਰਥਾ ਹੈ ਅਤੇ ਅਸੀਂ ਹੋਰਨਾਂ ਦੇਸ਼ਾਂ ਨੂੰ ਇਹ ਸਪਲਾਈ ਕਰ ਸਕਦੇ ਹਾਂ। ਸਾਡੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਨੇ ਪੱਛਮੀ ਦੇਸ਼ਾਂ ਦੇ ਮੀਡੀਆ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਸੀ ਕਿ ਭਾਰਤ ਸਰਕਾਰ ਪੱਛਮੀ ਦੇਸ਼ਾਂ ਦੀਆਂ ਅਖ਼ਬਾਰਾਂ ਦੀਆਂ ਸੇਧਾਂ ਨੂੰ ਨਹੀਂ ਮੰਨੇਗੀ ਅਤੇ ਜੇ ਕਿਸੇ ਵੀ ਸਰਕਾਰ ਨੇ ਸਾਨੂੰ 'ਧੱਕਣ' ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਉਸ ਨੂੰ 'ਧੱਕ ਦਿਆਂਗੇ'। ਅਸੀਂ ਆਪਣੇ ਨਵੀਂ ਆਰਥਿਕ ਮਹਾਸ਼ਕਤੀ ਹੋਣ ਤੇ ਇਸ ਦੇ ਨਾਲ ਹੀ 'ਵਿਸ਼ਵ ਗੁਰੂ' ਹੋਣ ਦਾ ਦਾਅਵਾ ਉਭਾਰ ਕੇ ਪੇਸ਼ ਕੀਤਾ। ਅਸੀਂ ਆਪਣੀ ਫ਼ੌਜੀ ਸ਼ਕਤੀ ਦੀ ਸ਼ੇਖੀ ਮਾਰਦਿਆਂ ਦਰਸਾਇਆ ਸੀ ਕਿ ਕਿਵੇਂ ਚੀਨ ਨੂੰ ਡੱਕ ਦਿੱਤਾ ਗਿਆ ਹੈ- ਹਾਲਾਂਕਿ ਇਸ ਮਾਮਲੇ ਦਾ ਅਜੇ ਅੰਤਿਮ ਨਿਰਣਾ ਹੋਣਾ ਬਾਕੀ ਹੈ। ਸੱਤਾਧਾਰੀ ਪਾਰਟੀ ਦੇ ਮੋਹਰੀ ਮੰਤਰੀਆਂ ਤੇ ਸਿਆਸਤਦਾਨਾਂ ਨੇ ਨਾ ਕੇਵਲ ਵਿਰੋਧੀ ਧਿਰ ਦੀ ਖਿੱਲੀ ਉਡਾਈ ਸਗੋਂ ਕੇਂਦਰੀ ਸਿਹਤ ਮੰਤਰੀ ਨੇ ਇਕ ਲਿਖਤ ਰਾਹੀਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਸਰਕਾਰ ਨੂੰ ਕੁਝ ਸੁਝਾਅ ਦੇਣ ਲਈ ਲਿਖੀ ਚਿੱਠੀ ਦਾ ਵੀ ਬਹੁਤ ਖਰ੍ਹਵਾ ਜੁਆਬ ਦਿੱਤਾ ਸੀ। ਲਬੋ-ਲਬਾਬ ਇਹ ਹੈ ਕਿ ਇਹੀ ਉਹ ਅੰਤਾਂ ਦਾ ਜੋਸ਼ ਤੇ ਘੁਮੰਡ ਹੈ ਜੋ ਹੁਣ ਸਾਡੀ ਲੀਡਰਸ਼ਿਪ ਦੇ ਹਲਕ ਵਿਚ ਫਸ ਗਿਆ ਹੈ।




ਵੱਖੋ ਵੱਖਰੇ ਕੋਨਿਆਂ ਤੋਂ ਚਿਤਾਵਨੀਆਂ ਆ ਰਹੀਆਂ ਸਨ ਕਿ ਦੂਜੀ ਲਹਿਰ ਜਲਦ ਆ ਸਕਦੀ ਹੈ ਤੇ ਇਹ ਜ਼ਿਆਦਾ ਘਾਤਕ ਵੀ ਸਾਬਿਤ ਹੋਵੇਗੀ, ਪਰ ਇਕ ਤੋਂ ਬਾਅਦ ਦੂਸਰਾ ਸੂਬਾ ਕੋਵਿਡ ਨਾਲ ਲੜਨ ਲਈ ਬਣਾਇਆ ਬੁਨਿਆਦੀ ਢਾਂਚਾ ਸਮੇਟਦਾ ਜਾ ਰਿਹਾ ਸੀ। 'ਦਿ ਇੰਡੀਅਨ ਐਕਸਪ੍ਰੈਸ' ਨੇ ਲੰਘੀ 26 ਅਪਰੈਲ ਨੂੰ ਆਪਣੇ ਪਹਿਲੇ ਪੰਨੇ 'ਤੇ ਇਕ ਸਟੋਰੀ ਵਿਚ ਜ਼ਿਕਰ ਕੀਤਾ ਸੀ ਕਿ ਦਿੱਲੀ, ਉੱਤਰ ਪ੍ਰਦੇਸ਼, ਕਰਨਾਟਕ, ਝਾਰਖੰਡ, ਬਿਹਾਰ ਆਦਿ ਨੇ ਇਸ ਖੁਸ਼ਫਹਿਮੀ ਵਿਚ ਆਪਣਾ ਵਾਧੂ ਬੁਨਿਆਦੀ ਢਾਂਚਾ ਸਮੇਟਣਾ ਸ਼ੁਰੂ ਕਰ ਦਿੱਤਾ ਸੀ ਕਿ ਮਹਾਮਾਰੀ ਹੁਣ ਖਤਮ ਹੋ ਚੁੱਕੀ ਹੈ। ਆਰਜ਼ੀ ਹਸਪਤਾਲ ਬੰਦ ਕਰ ਦਿੱਤੇ ਗਏ, ਠੇਕੇ 'ਤੇ ਰੱਖੇ ਗਏ ਅਮਲੇ ਦੀ ਛੁੱਟੀ ਕਰ ਦਿੱਤੀ ਗਈ ਅਤੇ ਵੈਂਟੀਲੇਟਰ, ਮੈਡੀਕਲ ਆਕਸੀਜਨ, ਆਈਸੀਯੂ ਬਿਸਤਰਿਆਂ, ਸਟਾਫ ਅਤੇ ਵਧੀਕ ਆਰਜ਼ੀ ਹਸਪਤਾਲਾਂ ਜਿਹੇ ਕੁੰਜੀਵਤ ਸਿਹਤ ਢਾਂਚੇ ਦੇ ਵਿਕਾਸ ਲਈ ਕੋਈ ਖ਼ਾਸ ਤਰੱਦਦ ਨਾ ਕੀਤਾ ਗਿਆ। ਦੂਜੀ ਲਹਿਰ ਲਈ ਸੂਬਿਆਂ ਨੂੰ ਵੀ ਆਪਣੀਆਂ ਆਜ਼ਾਦਾਨਾ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਸਨ ਕਿਉਂਕਿ ਸਿਹਤ ਆਖ਼ਰਕਾਰ ਇਕ ਸੂਬਾਈ ਵਿਸ਼ਾ ਹੈ। ਕੇਂਦਰ ਨੂੰ ਤਕਨੀਕੀ ਸਾਜ਼ੋ-ਸਾਮਾਨ ਅਤੇ ਦੂਜੇ ਬੁਨਿਆਦੀ ਢਾਂਚੇ ਦੀਆਂ ਲੋੜਾਂ ਦੀ ਪੂਰਤੀ ਲਈ ਕੌਮੀ ਯੋਜਨਾ ਤਿਆਰ ਕਰਨੀ ਚਾਹੀਦੀ ਸੀ, ਖ਼ਾਸਕਰ ਉਦੋਂ ਜਦੋਂ ਵੈਕਸੀਨ ਦੀ ਪੂਰੀ ਵਿਉਂਤਬੰਦੀ ਦੀ ਵਾਗਡੋਰ ਕੇਂਦਰ ਦੇ ਹੱਥਾਂ ਵਿਚ ਸੀ ਅਤੇ ਸੂਬੇ ਵਿੱਤੀ ਤੌਰ 'ਤੇ ਕੇਂਦਰ 'ਤੇ ਨਿਰਭਰ ਹੋ ਕੇ ਰਹਿ ਗਏ ਹਨ।

ਸਿਹਤ ਵਿਭਾਗ ਲਈ ਭਾਰਤ ਸਰਕਾਰ ਦਾ ਬਜਟ ਹਮੇਸ਼ਾ ਲੋੜ ਤੋਂ ਘੱਟ ਹੀ ਰਿਹਾ ਹੈ। ਪਿਛਲੇ ਬਜਟ ਵਿਚ ਵੀ ਇਹ ਹਿੱਸਾ ਜੀਡੀਪੀ ਦਾ ਮਹਿਜ਼ 2 ਫ਼ੀਸਦੀ ਸੀ। ਜਦੋਂ ਕੋਵਿਡ ਦੀ ਸੁਨਾਮੀ ਆਈ ਤਾਂ ਸੂਬਿਆਂ ਨੇ ਹਰ ਕਿਸਮ ਦੀਆਂ ਮੰਗਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ, ਪਰ ਆਕਸੀਜਨ, ਵੈਂਟੀਲੇਟਰ, ਵੈਕਸੀਨਾਂ ਜਿਹੀਆਂ ਕੁੰਜੀਵਤ ਚੀਜ਼ਾਂ ਤਾਂ ਕੇਂਦਰ ਕੋਲ ਵੀ ਉਪਲਬਧ ਨਹੀਂ ਸਨ ਕਿਉਂਕਿ ਅਜਿਹੀ ਕੋਈ ਕੌਮੀ ਯੋਜਨਾ ਮੌਜੂਦ ਹੀ ਨਹੀਂ ਸੀ। ਅਸੀਂ ਚੋਖੇ ਟੀਕੇ ਤਾਂ ਬਣਵਾ ਲਏ ਸਨ, ਪਰ ਬੇਲੋੜੇ ਜੋਸ਼ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ 'ਵੈਕਸੀਨ ਕੂਟਨੀਤੀ' ਚਮਕਾਉਣ ਦੇ ਚੱਕਰ ਵਿਚ ਬਹੁਤੇ ਟੀਕੇ ਆਂਢ-ਗੁਆਂਢ ਤੇ ਕਈ ਹੋਰ ਦੇਸ਼ਾਂ ਨੂੰ ਵੰਡ ਬੈਠੇ। ਬਾਕੀ ਦੁਨੀਆ ਦੇ ਮੁਕਾਬਲੇ ਮਹਾਮਾਰੀ ਦਾ ਬਿਹਤਰ ਜਵਾਬ ਦੇਣ ਦੇ ਦਾਅਵੇ ਅਤੇ ਕੋਵਿਡ 'ਤੇ ਜਿੱਤ ਦਾ ਐਲਾਨ ਕਰ ਕੇ ਅੱਜ ਅਸੀਂ ਅਜਿਹੀ ਸਥਿਤੀ ਵਿਚ ਪਹੁੰਚ ਗਏ ਹਾਂ ਜਿੱਥੇ ਸਾਨੂੰ ਦੂਜੇ ਦੇਸ਼ਾਂ ਅੱਗੇ ਹੱਥ ਅੱਡਣੇ ਪੈ ਰਹੇ ਹਨ ਅਤੇ ਸ਼ੁਰੂ 'ਚ ਤਾਂ ਉਨ੍ਹਾਂ 'ਚੋਂ ਬਹੁਤਿਆਂ ਨੇ ਕੋਈ ਹੁੰਗਾਰਾ ਨਹੀਂ ਭਰਿਆ ਸੀ, ਪਰ ਹੁਣ ਉਨ੍ਹਾਂ ਦੀ ਤਰਫ਼ੋਂ ਮਦਦ ਮਿਲਣੀ ਸ਼ੁਰੂ ਹੋ ਗਈ ਹੈ। ਪੱਛਮੀ ਦੇਸ਼ਾਂ ਦੀ ਪ੍ਰੈਸ ਸਾਡੀ ਲੀਡਰਸ਼ਿਪ (ਖ਼ਾਸਕਰ ਸਾਡੇ ਪ੍ਰਧਾਨ ਮੰਤਰੀ) ਮਗਰ ਹੱਥ ਧੋ ਕੇ ਪੈ ਗਈ ਹੈ ਅਤੇ ਮੁਲਕ ਦੀ ਬਹੁਤ ਜ਼ਿਆਦਾ ਤੋਏ-ਤੋਏ ਹੋ ਰਹੀ ਹੈ। ਸਨਮਾਨਤ ਮੀਡੀਆ ਅਦਾਰਿਆਂ ਨੂੰ ਦੁਰਕਾਰਨ ਦਾ ਕੋਈ ਫਾਇਦਾ ਨਹੀਂ ਹੁੰਦਾ, ਨਾ ਉਨ੍ਹਾਂ ਦੀ ਖੁਸ਼ਨੂਦੀ ਕਰਨ ਦੀ ਲੋੜ ਹੁੰਦੀ ਹੈ ਤੇ ਨਾ ਹੀ ਉਨ੍ਹਾਂ 'ਤੇ ਉਂਗਲ ਉਠਾਉਣੀ ਬਣਦੀ ਹੈ।ਇਸ ਦੌਰਾਨ, ਮਹਾਮਾਰੀ ਵਿਕਰਾਲ ਰੂਪ ਧਾਰਦੀ ਜਾ ਰਹੀ ਹੈ ਤੇ ਹਾਲੇ ਤੱਕ ਇਸ ਵਿਚ ਨਰਮਾਈ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ। ਸਾਨੂੰ ਸਬਕ ਸਿੱਖਣੇ ਚਾਹੀਦੇ ਹਨ ਤੇ ਦਰੁਸਤੀ ਕਦਮ ਚੁੱਕਣ ਦੀ ਲੋੜ ਹੈ ਕਿਉਂਕਿ ਤੀਜੀ ਤੇ ਚੌਥੀ ਲਹਿਰ ਦੀਆਂ ਗੱਲਾਂ ਚੱਲ ਪਈਆਂ ਹਨ। ਇਸ ਵੇਲੇ ਅਸੀਂ ਬਹੁਤ ਔਖੇ ਹਾਲਾਤ ਵਿਚ ਘਿਰੇ ਹੋਏ ਹਾਂ ਅਤੇ ਸਾਨੂੰ ਆਪਣੀ ਤਿਆਰੀ ਤੇਜ਼ ਕਰਨੀ ਚਾਹੀਦੀ ਹੈ। ਜੋ ਕੁਝ ਕਰ ਸਕਦੇ ਹਾਂ ਉਸ ਦਾ ਨਿਰਮ-ਾਣ ਕਰੀਏ ਤੇ ਲੋੜ ਮੁਜਬ ਦਰਾਮਦ ਕਰੀਏ ਤੇ ਹਰ ਥਾਂ ਅਮਲੇ ਦੀ ਜ਼ਰੂਰਤ ਪੂਰੀ ਕਰੀਏ, ਆਦਿ। ਕੇਂਦਰ ਤੇ ਸੂਬਿਆਂ ਨੂੰ ਇਸ ਮੌਕੇ ਸਮੁੱਚੇ ਦੇਸ਼ ਦਾ ਸਿਹਤ ਢਾਂਚਾ ਅਪਗਰੇਡ ਕਰਨਾ ਚਾਹੀਦਾ ਹੈ। ਗ਼ਰੀਬ ਲੋਕ ਤਾਂ ਹਮੇਸ਼ਾਂ ਆਪਣੇ ਬੱਚਿਆਂ ਲਈ ਬਿਹਤਰ ਸਿਹਤ ਸੰਭਾਲ ਤੇ ਵਿਦਿਅਕ ਸਹੂਲਤਾਂ ਦੀ ਮੰਗ ਕਰਦੇ ਰਹੇ ਹਨ। ਕੇਂਦਰ ਨੂੰ ਇਸ ਮੰਤਵ ਲਈ ਸੂਬਿਆਂ ਦੀ ਵਿੱਤੀ ਮਦਦ ਕਰਨ 'ਚ ਥੋੜ੍ਹੀ ਜ਼ਿਆਦਾ ਫਰਾਖਦਿਲੀ ਦਿਖਾਉਣੀ ਚਾਹੀਦੀ ਹੈ ਅਤੇ ਬੁੱਤਸਾਜ਼ੀ ਤੇ ਇਮਾਰਤਸਾਜ਼ੀ ਜਿਹੇ ਫਜ਼ੂਲ ਖਰਚਿਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਮਹਾਮਾਰੀ ਖਿਲਾਫ਼ ਲੜਾਈ ਵਿਚ ਕੋਈ ਫੌਰੀ ਉਪਯੋਗ ਨਹੀਂ ਹੋਣ ਵਾਲਾ।

ਜ਼ਿੰਮੇਵਾਰੀ ਤੇ ਜਵਾਬਦੇਹੀ ਦੇ ਸਵਾਲ ਵੱਲ ਆਉਂਦਿਆਂ, ਇਸ ਬਾਬਤ ਬਹੁਤਾ ਕੁਝ ਮੇਰੀ ਨਜ਼ਰ 'ਚ ਨਹੀਂ ਆਇਆ। ਉਂਜ, ਇਹ ਬਹੁਤ ਹੀ ਨਾਜ਼ੁਕ ਮੁੱਦਾ ਹੈ ਕਿਉਂਕਿ ਬਹੁਤ ਜ਼ਿਆਦਾ ਜਾਨੀ ਨੁਕਸਾਨ ਹੋ ਚੁੱਕਿਆ ਹੈ ਅਤੇ ਸ਼ਹਿਰੀ ਖੇਤਰਾਂ ਵਿਚ ਲੱਖਾਂ ਲੋਕ ਹਸਪਤਾਲਾਂ ਵਿਚ ਦਾਖ਼ਲ ਹਨ (ਪੇਂਡੂ ਖੇਤਰਾ ਬਾਰੇ ਅੰਕੜੇ ਨਾਂਮਾਤਰ ਹੀ ਹਨ)। ਮੈਂ ਕੇਂਦਰ ਤੇ ਸੂਬਾਈ ਸਰਕਾਰਾਂ ਦੇ ਵੱਡੇ ਸਿਆਸੀ ਆਗੂਆਂ ਵੱਲੋਂ ਹਸਪਤਾਲਾਂ ਜਾਂ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤੇ ਜਾਣ ਦੀ ਕੋਈ ਤਸਵੀਰ ਨਹੀਂ ਦੇਖੀ। ਇਨ੍ਹਾਂ 'ਚੋਂ ਜ਼ਿਆਦਾਤਰ ਮੁਅੱਜ਼ਿਜ਼ ਲੋਕਾਂ ਨੂੰ ਪਹਿਲਾਂ ਹੀ ਤਰਜੀਹੀ ਤੌਰ 'ਤੇ ਟੀਕੇ ਲਾਏ ਜਾ ਚੁੱਕੇ ਹਨ ਅਤੇ ਉਹ ਮਾਸਕ ਤੇ ਪੀਪੀਈ ਕਿੱਟ ਪਹਿਨ ਕੇ ਹਸਪਤਾਲਾਂ ਦਾ ਦੌਰਾ ਕਰ ਸਕਦੇ ਹਨ ਤੇ ਸਟਾਫ ਅਤੇ ਮਰੀਜ਼ਾਂ ਦਾ ਹੌਸਲਾ ਵਧਾ ਸਕਦੇ ਹਨ। ਹੋਰ ਤਾਂ ਹੋਰ, ਡਾ. ਮਨਮੋਹਨ ਸਿੰਘ ਨੂੰ ਠੋਕਵਾਂ ਜਵਾਬ ਦੇਣ ਤੋਂ ਸਿਵਾਏ ਸਾਡੇ ਕੇਂਦਰੀ ਸਿਹਤ ਮੰਤਰੀ ਨੇ ਵੀ ਅਜਿਹਾ ਕੋਈ ਹੌਸਲਾ ਨਹੀਂ ਦਿਖਾਇਆ। ਸ਼ੁਰੂ 'ਚ ਜਦੋਂ ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ ਤਾਂ ਸਿਹਤ ਮੰਤਰਾਲੇ ਦੇ ਅਫ਼ਸਰ ਹਰ ਰੋਜ਼ ਟੀਵੀ 'ਤੇ ਕੋਵਿਡ ਬਾਰੇ ਵਖਿਆਨ ਦਿੰਦੇ ਰਹਿੰਦੇ ਸਨ, ਪਰ ਜਦੋਂ ਦੀ ਦੂਜੀ ਲਹਿਰ ਆਈ ਹੈ ਤਾਂ ਉਹ ਵੀ ਦਿਸਣੋਂ ਹਟ ਗਏ ਹਨ। ਉਧਰ ਹਰ ਰੋਜ਼ ਸੜਕ ਕਿਨਾਰੇ ਅਤੇ ਹਸਪਤਾਲਾਂ ਤੇ ਸ਼ਮਸ਼ਾਨਘਾਟਾਂ ਦੇ ਬਾਹਰ ਪਏ ਸਾਡੇ ਨਾਗਰਿਕਾਂ ਦੀਆਂ ਦਿਲਕੰਬਾਊ ਤਸਵੀਰਾਂ ਆ ਰਹੀਆਂ ਹਨ। ਸਾਡੇ ਸਿਹਤ ਮੰਤਰੀ ਜੋ ਖ਼ੁਦ ਡਾਕਟਰ ਦੱਸੇ ਜਾਂਦੇ ਹਨ, ਨੇ ਕਦੇ ਬਾਹਰ ਨਿਕਲ ਹੀ ਨਹੀਂ ਦੇਖਿਆ ਕਿ ਕੀ ਹੋ ਰਿਹਾ ਹੈ। ਸਾਰੇ ਸੰਸਦ ਮੈਂਬਰਾਂ ਤੋਂ ਇਹ ਆਸ ਹੈ ਕਿ ਉਹ ਆਪੋ ਆਪਣੇ ਹਲਕੇ ਵਿਚ ਜਾਣ ਤੇ ਲੋਕਾਂ ਦੀ ਭਲਾਈ ਦਾ ਜਾਇਜ਼ਾ ਲੈਣ।

ਇਸੇ ਤਰ੍ਹਾਂ, ਸੂਬਿਆਂ ਦੀ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਹੈ। ਮੁੱਖ ਮੰਤਰੀਆਂ, ਮੰਤਰੀਆਂ ਤੇ ਵਿਧਾਇਕਾਂ ਨੂੰ ਆਪੋ ਆਪਣੇ ਖੇਤਰਾਂ ਵਿਚ ਜਾਣਾ ਚਾਹੀਦਾ ਹੈ। ਸਕੱਤਰੇਤ ਦੇ ਬਾਬੂਆਂ ਅਤੇ ਡਿਪਟੀ ਕਮਿਸ਼ਨਰਾਂ/ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਵੀ ਆਪਣੇ ਖੇਤਰਾਂ ਵਿਚ ਘੁੰਮ ਫਿਰ ਕੇ ਦੇਖਣਾ ਚਾਹੀਦਾ ਹੈ। ਮੈਨੂੰ ਸਮਝ ਨਹੀਂ ਪੈਂਦੀ ਕਿ ਉਹ ਆਪਣੇ ਸੂਬਾਈ ਜਾਂ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਬੈਠੇ ਬੈਠੇ ਕੀ ਕਰਦੇ ਰਹਿੰਦੇ ਹਨ। ਜੇ ਔਖੇ ਸਮਿਆਂ ਵਿਚ ਉਹ ਆਪਣੇ ਲੋਕਾਂ ਕੋਲ ਨਹੀਂ ਹੋਣਗੇ ਤਾਂ ਕੀ ਫਿਰ ਚੋਣਾਂ ਵੇਲੇ ਹੀ ਜਾਣਗੇ। ਇਕ ਹੋਰ ਵੱਡਾ ਤਬਕਾ ਜਿਸ ਨੂੰ ਲਾਮਬੰਦ ਕੀਤਾ ਜਾ ਸਕਦਾ ਸੀ, ਉਹ ਹੈ ਸਾਰੀਆਂ ਸਿਆਸੀ ਪਾਰਟੀਆਂ ਦੇ ਕਾਰਕੁਨ ਤੇ ਮੈਂਬਰ। ਭਾਜਪਾ ਆਰਐੱਸਐੱਸ ਕੋਲ ਸਭ ਤੋਂ ਵੱਧ ਜ਼ਾਬਤੇ ਵਾਲੇ ਕੇਡਰ ਦੀ ਤਾਦਾਦ ਹੈ ਜਿਸ ਨੂੰ ਵਰਤਿਆ ਜਾ ਸਕਦਾ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਸੁਣਨ 'ਚ ਆ ਰਿਹਾ ਹੈ ਕਿ ਇਨ੍ਹਾਂ ਦੀਆਂ ਸੇਵਾਵਾਂ ਦੀ ਤਰਜੀਹ ਪੱਛਮੀ ਬੰਗਾਲ ਦੀਆਂ ਚੋਣਾਂ ਸਨ। ਇਹੀ ਗੱਲ ਹੋਰਨਾਂ ਸਿਆਸੀ ਪਾਰਟੀਆਂ ਲਈ ਵੀ ਕਹੀ ਜਾ ਸਕਦੀ ਹੈ।

ਮੁੱਕਦੀ ਗੱਲ ਇਹ ਹੈ ਕਿ ਕੇਂਦਰ ਅਤੇ ਸੂਬਿਆਂ 'ਚ ਖ਼ਾਸਕਰ ਸਬੰਧਤ ਮਹਿਕਮਿਆਂ ਵਿਚ, ਜਵਾਬਦੇਹੀ ਤੈਅ ਕੀਤੀ ਜਾਵੇ ਅਤੇ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਆਦਿ ਖਿਲਾਫ਼ ਕਾਰਵਾਈ ਕੀਤੀ ਜਾਵੇ। ਸਭ ਨੂੰ ਇਹ ਸੰਦੇਸ਼ ਜਾਣਾ ਚਾਹੀਦਾ ਹੈ ਕਿ 'ਸਭ ਚਲਦਾ ਹੈ' ਵਾਲਾ ਅਮੂਮਨ ਵਤੀਰਾ ਹੁਣ ਸਹਿਣ ਨਹੀਂ ਕੀਤਾ ਜਾਵੇਗਾ ਅਤੇ ਸਭ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਸਖ਼ਤ ਕਾਰਵਾਈ ਕਿਹੋ ਜਿਹੀ ਹੁੰਦੀ ਹੈ। ਕੇਂਦਰ ਤੇ ਸੂਬਿਆਂ ਦੀ ਅਪਰਾਧਿਕ ਲਾਪਰਵਾਹੀ ਕਰਕੇ ਹੀ ਅਜਿਹੀ ਆਫ਼ਤ ਆਉਂਦੀ ਹੈ ਤੇ ਉਨ੍ਹਾਂ ਨੂੰ ਜਵਾਬਦੇਹੀ ਲਈ ਕਟਹਿਰੇ ਵਿਚ ਖੜ੍ਹਾ ਕੀਤਾ ਜਾਣਾ ਬਣਦਾ ਹੈ। ਜਿੱਥੋਂ ਤੱਕ ਸਾਡੇ ਮੁਲਕ ਦੀ ਲੀਡਰਸ਼ਿਪ ਦਾ ਸਵਾਲ ਹੈ, ਮੈਂ ਸ਼ਹਾਬ ਜਾਫ਼ਰੀ ਦਾ ਇਕ ਸ਼ਿਅਰ ਤੁਹਾਡੀ ਨਜ਼ਰ ਕਰ ਰਿਹਾ ਹਾਂ:

''ਤੂ ਇਧਰ ਉਧਰ ਕੀ ਨਾ ਬਾਤ ਕਰ
ਯੇ ਬਤਾ ਕਿ ਕਾਫ਼ਿਲਾ ਕਯੂੰ ਲੁਟਾ
ਮੁਝੇ ਰਾਹਜ਼ਨੋ ਸੇ ਗਿਲਾ ਨਹੀਂ,
ਤਿਰੀ ਰਹਿਬਰੀ ਕਾ ਸਵਾਲ ਹੈ!''

**ਗੁਰਬਚਨ ਜਗਤ**
*** ਸਾਬਕਾ ਚੇਅਰਮੈਨ ਯੂਪੀਐੱਸਸੀ ਅਤੇ ਸਾਬਕਾ ਰਾਜਪਾਲ ਮਨੀਪੁਰ।**

# ਜਿੱਤ ਦਾ ਭਰੋਸਾ

ਸਫ਼ਲ ਹੋਣ ਦੇ ਵਿਸ਼ਵਾਸ ਅਤੇ ਆਸ ਨੂੰ ਹੀ ਜਿੱਤ ਦਾ ਭਰੋਸਾ ਕਹਿੰਦੇ ਹਨ। ਵਿਸ਼ਵਾਸ ਅਤੇ ਆਸ ਤੋਂ ਬਿਨਾਂ ਭਵਿੱਖ ਦੇ ਕੋਈ ਅਰਥ ਨਹੀਂ ਹੁੰਦੇ ਅਤੇ ਭਵਿੱਖ ਦੇ ਭਰੋਸੇ ਤੋਂ ਬਿਨਾਂ ਜੀਵਨ ਦੀ ਕੋਈ ਦਿਸ਼ਾ ਨਹੀਂ ਹੁੰਦੀ। ਸਦਾ ਚੜ੍ਹਦੀਕਲਾ ਵਿਚ ਰਹਿਣ ਵਾਲੇ ਸਭ ਦੁਸ਼ਵਾਰੀਆਂ ਦੇ ਬਾਵਜੂਦ ਜੇਤੂ ਹੀ ਅਖਵਾਉਂਦੇ ਹਨ।



ਦ੍ਰਿਸ਼ਟੀਕੋਣ

ਕਿਸੇ ਅੰਦੋਲਨ, ਮੁਹਿੰਮ, ਯੁੱਧ ਵਿਚ ਜਿੱਤ ਹੋਵੇ ਨਾ ਹੋਵੇ ਪਰ ਜਿੱਤ ਦਾ ਭਰੋਸਾ ਹੋਣਾ ਜ਼ਰੂਰੀ ਹੁੰਦਾ ਹੈ। ਬਹਾਦਰੀ ਜਿੱਤਣ ਵਿਚ ਨਹੀਂ ਹੁੰਦੀ, ਹਾਰ ਨਾ ਮੰਨਣ ਵਿਚ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਬਹਾਦਰ ਸਨ ਕਿਉਂਕਿ ਉਨ੍ਹਾਂ ਨੇ ਹਾਰਾਂ, ਅਸਫ਼ਲਤਾਵਾਂ, ਘਾਟਿਆਂ, ਮਾਯੂਸੀਆਂ, ਬਿਪਤਾਵਾਂ, ਵਿਛੋੜਿਆਂ ਦੇ ਬਾਵਜੂਦ ਹਾਰ ਨਹੀਂ ਸੀ ਮੰਨੀ। ਇਸ ਅਵਸਥਾ ਨੂੰ ਚੜ੍ਹਦੀਕਲਾ ਕਹਿੰਦੇ ਹਨ। ਘੱਲੂਕਾਰਿਆਂ, ਨਸਲਕੁਸ਼ੀਆਂ, ਫਾਂਸੀਆਂ, ਕਾਲੇਪਾਣੀਆਂ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਦਾ ਸਿਰਜਿਆ ਪੰਥ ਚੜ੍ਹਦੀਕਲਾ ਵਿਚ ਰਹਿੰਦਾ ਹੈ। ਇਸ ਚੜ੍ਹਦੀਕਲਾ ਕਾਰਨ ਹੀ ਜਿੱਤ ਹੋਵੇ, ਹਾਰ ਹੋਵੇ, ਦੁੱਖ ਹੋਵੇ, ਸੁੱਖ ਹੋਵੇ, ਆਨੰਦ ਸਾਹਿਬ ਗਾਇਆ ਜਾਂਦਾ ਹੈ। ਜ਼ਿੰਦਗੀ ਆਪਣੇ ਆਪ ਵਿਚ ਇਕ ਜੱਦੋਜਹਿਦ ਹੈ। ਜੱਦੋਜਹਿਦ ਅਤੇ ਸੰਗਰਾਮ ਨਾਲ ਜ਼ਿੰਦਗੀ ਦਿਲਚਸਪ ਹੋ ਜਾਂਦੀ ਹੈ। ਯੁੱਧ ਜਾਂ ਸੰਗਰਾਮ ਦੌਰਾਨ ਲਿੰਗ ਕੋਈ ਹੋਵੇ, ਹਰ ਕੋਈ ਮਰਦ ਬਣ ਜਾਂਦਾ ਹੈ। ਯੁੱਧ ਅਤੇ ਅੰਦੋਲਨ ਵਿਚ ਬਿਮਾਰ ਕੋਈ ਨਹੀਂ ਪੈਂਦਾ, ਸ਼ਹੀਦ ਅਨੇਕਾਂ ਹੁੰਦੇ ਹਨ। ਅੰਦੋਲਨ ਵਿਚ ਹਰ ਪਲ ਅਰਥਪੂਰਨ ਹੋ ਜਾਂਦਾ ਹੈ, ਸੋਚ ਬਦਲ ਜਾਂਦੀ ਹੈ, ਆਵਾਜ਼ ਵੀ ਬਦਲ ਜਾਂਦੀ ਹੈ। ਨਾਅਰੇ ਅਤੇ ਜੈਕਾਰੇ ਗੂੰਜਣ ਲੱਗ ਪੈਂਦੇ ਹਨ, ਹਰ ਕੋਈ ਜਥੇਬੰਦ ਅਤੇ ਲਾਮਬੰਦ ਹੋ ਜਾਂਦਾ ਹੈ।

ਸਫ਼ਲ ਹੋਣ ਦੇ ਵਿਸ਼ਵਾਸ ਅਤੇ ਆਸ ਨੂੰ ਹੀ ਜਿੱਤ ਦਾ ਭਰੋਸਾ ਕਹਿੰਦੇ ਹਨ। ਵਿਸ਼ਵਾਸ ਅਤੇ ਆਸ ਤੋਂ ਬਿਨਾਂ ਭਵਿੱਖ ਦੇ ਕੋਈ ਅਰਥ ਨਹੀਂ ਹੁੰਦੇ ਅਤੇ ਭਵਿੱਖ ਦੇ ਭਰੋਸੇ ਤੋਂ ਬਿਨਾਂ ਜੀਵਨ ਦੀ ਕੋਈ ਦਿਸ਼ਾ ਨਹੀਂ ਹੁੰਦੀ। ਜਿੱਤ ਦੇ ਭਰੋਸੇ ਨਾਲ ਹੀ ਆਗੂ ਬਗ਼ਾਵਤਾਂ ਨੂੰ ਇਨਕਲਾਬ ਅਤੇ ਮੋਰਚਿਆਂ ਨੂੰ ਇਤਿਹਾਸਕ ਸੰਗਰਾਮ ਬਣਾ ਦਿੰਦੇ ਹਨ ਜਦੋਂਕਿ ਦੁਚਿੱਤੀਆਂ ਕਾਰਨ ਇਨਕਲਾਬ ਨੂੰ ਬਗ਼ਾਵਤ ਦੱਸ ਕੇ ਕੁਚਲ ਦਿੱਤਾ ਜਾਂਦਾ ਹੈ। ਜਿੱਤਦਾ, ਜਿੱਤ ਦਾ ਭਰੋਸਾ ਹੈ, ਹਾਰਦੀ ਦੁਚਿੱਤੀ ਅਤੇ ਆਪਸੀ ਫੁੱਟ ਹੈ। ਆਗੂਆਂ ਤੋਂ ਬਿਨਾਂ ਬੜੀਆਂ ਮਹੱਤਵਪੂਰਨ ਘਟਨਾਵਾਂ, ਹਾਦਸੇ ਹੋ ਨਿਬੜਦੀਆਂ ਹਨ। ਆਦਰਸ਼ਹੀਣ ਅਤੇ ਉਦੇਸ਼ਹੀਣ ਵਿਅਕਤੀ ਟੁਰਦਾ ਤਾਂ ਹੈ, ਪਰ ਚਲਦਾ ਨਹੀਂ; ਉੱਠਦਾ ਤਾਂ ਹੈ, ਪਰ ਜਾਗਦਾ ਨਹੀਂ; ਰੁਕਦਾ ਹੀ ਹੈ, ਪਹੁੰਚਦਾ ਨਹੀਂ। ਆਗੂ ਬਹਾਦਰ ਹੁੰਦਾ ਹੈ, ਬਹਾਦਰ ਹੋਣ ਕਰਕੇ ਉਸ ਨੂੰ ਆਗੂ ਮੰਨ ਲਿਆ ਜਾਂਦਾ ਹੈ। ਆਗੂ ਹੋਣ ਕਰਕੇ ਉਹ ਅੱਗੇ ਰਹਿੰਦਾ ਹੈ, ਅੱਗੇ ਰਹਿਣ ਕਰਕੇ ਹੀ ਉਸ ਨੂੰ ਆਗੂ ਕਿਹਾ ਜਾਂਦਾ ਹੈ ਅਤੇ ਉਸ ਦੀ ਵਿਸ਼ੇਸ਼ ਪਛਾਣ ਸਥਾਪਤ ਹੁੰਦੀ ਹੈ। ਬਹਾਦਰ ਵਿਅਕਤੀ, ਵਿਰੋਧੀ ਨੂੰ ਹਰਾਉਣ ਤੋਂ ਪਹਿਲਾਂ ਆਪਣੇ ਸੰਸਿਆਂ ਨੂੰ ਜਿੱਤਿਆ ਕਰਦੇ ਹਨ। ਕੋਈ ਵੀ ਵਿਅਕਤੀ ਸਰੀਰਕ ਜਾਂ ਬੌਧਿਕ ਬਹਾਦਰੀ ਤੋਂ ਬਿਨਾਂ ਮਹਾਨ ਨਹੀਂ ਬਣਦਾ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਬਹਾਦਰਾਂ ਅਤੇ ਜੇਤੂਆਂ ਦੇ ਕਾਰਨਾਮੇ ਬੋਲਦੇ ਹਨ। ਬਹਾਦਰ ਵਿਅਕਤੀ ਕੋਲ ਜਿੱਤਣ ਦੀ ਵਿਉਂਤ ਹੁੰਦੀ ਹੈ। ਬਹਾਦਰੀ ਅਤੇ ਯੁੱਧ ਦੇ ਪੱਖੋਂ ਸਿਕੰਦਰ ਪਹਿਲਾ ਸੀ ਜਿਸ ਦੇ ਨਾਂ ਨਾਲ ਮਹਾਨ ਦਾ ਵਿਸ਼ੇਸ਼ਣ ਜੁੜਿਆ ਹੈ। ਉਸ ਦੀ ਮਹਾਨਤਾ ਇਸ ਗੱਲ ਵਿਚ ਸੀ ਕਿ ਸੰਸਾਰ ਵਿਚ ਉਹ ਪਹਿਲਾ ਸੀ ਜਿਸ ਨੇ ਸੰਸਾਰ ਨੂੰ ਜਿੱਤਣ ਦਾ ਸੁਪਨਾ ਵੇਖਿਆ ਸੀ। ਸਿਕੰਦਰ ਨੇ ਹਰੇਕ ਯੁੱਧ ਜਿੱਤਿਆ ਸੀ। ਉਸ ਕੋਲ ਜਿੱਤ ਦਾ ਪੈਂਤੜਾ ਸੀ। ਉਹ ਆਪਣੀ ਫ਼ੌਜ ਨਾਲ ਅੱਗੇ ਲੰਘ ਕੇ ਵਿਰੋਧੀ ਫ਼ੌਜ ਤੋਂ ਆਪਣੀ ਫ਼ੌਜ ਦਾ ਪਿੱਛਾ ਕਰਵਾਉਂਦਾ ਸੀ ਅਤੇ ਉਸ ਤੰਗ ਮੈਦਾਨ ਵਿਚ ਪਹੁੰਚ ਜਾਂਦਾ ਸੀ ਜਿੱਥੇ ਉਹ ਆਪਣੀ ਘੋੜ ਸਵਾਰ ਫ਼ੌਜ ਦੀ ਵਰਤੋਂ ਕਰਕੇ, ਇਕ ਦਿਨ ਵਿਚ ਜਿੱਤ ਪ੍ਰਾਪਤ ਕਰ ਲੈਂਦਾ ਸੀ। ਇਵੇਂ ਉਹ ਪਿੱਛਾ ਕਰ ਰਹੀ ਫ਼ੌਜ ਦੇ ਵੱਡੇ ਹਿੱਸੇ ਨੂੰ ਲੜਨ ਦਾ ਅਵਸਰ ਹੀ ਨਹੀਂ ਸੀ ਦਿੰਦਾ। ਭਾਰਤ ਵਿਚ ਜਿਸ ਨੇ ਵੀ ਯੁੱਧ ਵਿਚ ਹਾਥੀ ਵਰਤੇ ਹਨ, ਉਹ ਹਾਰਿਆ ਹੈ। ਚੁਸਤੀ ਅਤੇ ਫੁਰਤੀ ਜੇਤੂ ਯੋਧੇ, ਆਗੂ ਅਤੇ ਖਿਡਾਰੀ ਦਾ ਲੱਛਣ ਹੁੰਦਾ ਹੈ।

ਬਹਾਦਰ ਅਤੇ ਸਿਆਣਾ ਆਗੂ ਸੁਣਦਾ ਸਾਰਿਆਂ ਨੂੰ ਹੈ, ਪਰ ਸੋਚਦਾ ਆਪ ਹੈ। ਉਹ ਸੰਸਿਆਂ ਅਤੇ ਦੁਚਿੱਤੀਆਂ ਤੋਂ ਮੁਕਤ ਹੁੰਦਾ ਹੈ ਕਿਉਂਕਿ ਦੁਚਿੱਤੀ ਵਿਚ ਹਾਂ ਅਤੇ ਨਾਂਹ ਦੋਹਾਂ ਤੋਂ ਡਰ ਲੱਗਦਾ ਹੈ। ਨਿਪੁੰਨ ਆਗੂ ਆਲੋਚਨਾ ਤੋਂ ਨਹੀਂ ਡਰਦੇ ਸਗੋਂ ਆਲੋਚਨਾ ਨੂੰ ਧਿਆਨ ਨਾਲ ਸੁਣਦੇ ਹਨ। ਇਤਿਹਾਸ ਦੱਸਦਾ ਹੈ ਕਿ ਆਲੋਚਨਾ ਤੋਂ ਬਿਨਾਂ ਮਨੁੱਖ ਨੇ ਸਿਆਣਾ, ਸਭਿਅਕ ਅਤੇ ਦਲੇਰ ਨਹੀਂ ਸੀ ਬਣਨਾ। ਵਿਹਾਰਕ ਅਨੁਭਵ ਸਾਬਤ ਕਰਦਾ ਹੈ ਕਿ ਜਦੋਂ ਸਾਰੇ ਤੁਹਾਡੇ ਨਾਲ ਸਹਿਮਤ ਹੁੰਦੇ ਹਨ, ਉਦੋਂ ਤੁਹਾਨੂੰ ਆਪਣੇ ਗ਼ਲਤ ਹੋਣ ਦੀ ਸੋਝੀ ਹੁੰਦੀ ਹੈ। ਜਦੋਂ ਮਨੁੱਖ ਵਰਤਮਾਨ ਸਥਿਤੀ ਨਾਲ ਅਸੰਤੁਸ਼ਟ ਹੁੰਦਾ ਹੈ, ਉਦੋਂ ਹੀ ਉਹ ਸੋਚਦਾ ਹੈ। ਜਦੋਂ ਉਹ ਸੋਚਦਾ ਹੈ, ਉਦੋਂ ਹੀ ਸਿਆਣਾ ਬਣਦਾ ਅਤੇ ਵਿਕਾਸ ਕਰਦਾ ਹੈ। ਸੁਤੰਤਰਤਾ ਸੰਗਰਾਮੀਆਂ ਦੀ ਬਹਾਦਰੀ ਅਤੇ ਦੂਰ-ਅੰਦੇਸ਼ ਸਿਆਣਪ ਇਸ ਗੱਲ ਵਿਚ ਸੀ ਕਿ ਗ਼ੁਲਾਮ ਹਿੰਦੋਸਤਾਨ ਵਿਚ ਰਹਿੰਦਿਆਂ ਉਨ੍ਹਾਂ ਨੇ ਆਜ਼ਾਦ ਭਾਰਤ ਦੇ ਸੁਪਨੇ ਵੇਖੇ ਸਨ। ਜ਼ਿੰਦਗੀ ਦਾ ਖੇਤਰ ਕੋਈ ਹੋਵੇ, ਸਫ਼ਲਤਾ ਦੀ ਵਿਧੀ ਇਕ ਹੀ ਹੈ। ਸਫ਼ਲ ਉਹ ਹੋਵੇਗਾ ਜਿਸ ਵਿਚ ਯੋਗਤਾ, ਸੂਝ ਅਤੇ ਹਿੰਮਤ ਹੋਵੇਗੀ। ਜੱਦੋਜਹਿਦ ਜਾਂ ਮੋਰਚਾ ਜਾਂ ਸੰਗਰਾਮ ਕੋਈ ਹੋਵੇ, ਜਰਨੈਲ ਇਕ ਹੋਣਾ ਚਾਹੀਦਾ ਹੈ, ਬਾਕੀ ਉਸ ਦੇ ਅਧੀਨ ਹੋਣੇ ਚਾਹੀਦੇ ਹਨ। ਜੇ ਸਾਰੇ ਹੀ ਬਰਾਬਰ ਹੋਣਗੇ ਤਾਂ ਉਹ ਆਪਸ ਵਿਚ ਲੜਦੇ ਰਹਿਣਗੇ। ਜੇ ਸਾਰੇ ਹੀ ਸਿਆਣੇ ਹੋਣ ਤਾਂ ਉਨ੍ਹਾਂ ਵਿਚ ਸਹਿਮਤ ਹੋਣ ਦਾ ਲੱਛਣ ਹੋਣ ਦੀ ਥਾਂ, ਦੂਜਿਆਂ ਨੂੰ ਮੂਰਖ ਸਿੱਧ ਕਰਨ ਦੀ ਪ੍ਰਵਿਰਤੀ ਹੋਵੇਗੀ। ਜੇ ਕਿਸੇ ਜਥੇ ਵਿਚ ਸਾਰੇ ਹੀ ਗੁਣਵਾਨ ਹੋਣ ਤਾਂ ਉਹ ਜਥਾ ਸ਼ਕਤੀਸ਼ਾਲੀ ਨਹੀਂ, ਕਮਜ਼ੋਰ ਹੋਵੇਗਾ। ਜੇ ਕਿਸੇ ਫ਼ੌਜ ਵਿਚ ਸਾਰੇ ਹਰੀ ਸਿੰਘ ਨਲੂਏ ਹੋਣ ਤਾਂ ਉਹ ਫ਼ੌਜ ਬਹਾਦਰ ਨਹੀਂ ਹੋਵੇਗੀ ਕਿਉਂਕਿ ਉਹ ਆਪਸ ਵਿਚ ਲੜਨਗੇ।

ਜਿਵੇਂ ਵਿਆਜ ਦੀ ਦਰ ਹੁੰਦੀ ਹੈ, ਉਵੇਂ ਹੀ ਜੀਵਨ ਵਿਚ ਸਫ਼ਲਤਾ-ਅਸਫ਼ਲਤਾ ਦੀ ਦਰ ਹੁੰਦੀ ਹੈ। ਜਿੱਤ ਅਤੇ ਹਾਰ, ਸਫ਼ਲਤਾ ਅਤੇ ਅਸਫ਼ਲਤਾ ਨੂੰ ਨਿਖੇੜਨ ਵਾਲਾ ਤੱਤ, ਤਿਆਰੀ ਹੁੰਦਾ ਹੈ। ਮੈਚ ਵਿਚ ਅਤੇ ਯੁੱਧ ਜਾਂ ਮੁਕਾਬਲੇ ਵਿਚ ਹਾਰ-ਜਿੱਤ ਵਾਪਰਦੀ ਰਹਿੰਦੀ ਹੈ। ਹਾਰ ਤੋਂ ਬਿਨਾਂ ਕੋਈ ਜੇਤੂ ਨਹੀਂ ਬਣਦਾ। ਫ਼ੌਜ ਵਿਚ ਜਾਂ ਮੈਚ ਵਿਚ ਲਗਾਤਾਰ ਪੰਜ ਵਾਰੀ ਜਿੱਤਣ ਵਾਲੇ ਨੂੰ ਮਹਾਨ ਜਰਨੈਲ ਜਾਂ ਟੀਮ ਮੰਨ ਲਿਆ ਜਾਂਦਾ ਹੈ। ਨਿਰਸੰਦੇਹ ਸਫ਼ਲਤਾ ਜਾਂ ਜਿੱਤ ਨਾਲ ਪ੍ਰਸਿੱਧੀ ਮਿਲਦੀ ਹੈ, ਪਰ ਪ੍ਰਸਿੱਧੀ ਮਿਲਣ ਦੀ ਪ੍ਰਸੰਨਤਾ ਉਪਰੰਤ, ਇਸ ਦੇ ਗੁਆਚਣ ਦੀ ਪ੍ਰੇਸ਼ਾਨੀ ਆਰੰਭ ਹੋ ਜਾਂਦੀ ਹੈ। ਜੇਤੂ ਆਗੂ ਦਾ ਮੁੱਖ ਲੱਛਣ ਸੰਕਟ ਵਿਚ ਅਗਵਾਈ ਪ੍ਰਦਾਨ ਕਰਨਾ ਹੁੰਦਾ ਹੈ। ਸੰਕਟ ਵਿਚ ਭਾਸ਼ਾ ਦੀ ਸੰਜਮੀ ਵਰਤੋਂ ਸਥਿਤੀ ਨੂੰ ਸਾਡੇ ਪੱਖ ਵਿਚ ਕਰ ਦਿੰਦੀ ਹੈ। ਸੰਕਟ ਦੌਰਾਨ ਬਹੁਤਾ ਬੋਲਣ ਵਾਲੇ ਸਥਿਤੀ ਨੂੰ ਵਿਗਾੜ ਦਿੰਦੇ ਹਨ। ਜਿੱਥੇ ਵੀ ਜਨ-ਸਮੂਹ ਹੋਵੇਗਾ, ਉੱਥੇ ਇਕ ਮਨੋਵਿਗਿਆਨਕ ਫਾਰਮੂਲਾ ਕਾਰਜਸ਼ੀਲ ਹੁੰਦਾ ਹੈ। ਹਰੇਕ ਅੰਦੋਲਨ ਵਿਚ ਸਮੁੱਚੇ ਅੰਦੋਲਨ ਦੀ ਪੱਧਰ, ਉਸ ਅੰਦੋਲਨ ਵਿਚ ਸ਼ਾਮਿਲ ਲਾਇਕ ਤੋਂ ਲਾਇਕ ਵਿਅਕਤੀ ਦੀ ਪੱਧਰ ਤੱਕ ਉੱਚੀ ਜਾ ਸਕਦੀ ਹੈ ਅਤੇ ਉਸ ਅੰਦੋਲਨ ਵਿਚ ਸ਼ਾਮਿਲ ਨਾਲਾਇਕ ਤੋਂ ਨਾਲਾਇਕ ਵਿਅਕਤੀ ਦੀ ਪੱਧਰ ਤੱਕ ਨੀਵੀਂ ਜਾ ਸਕਦੀ ਹੈ। ਅਜਿਹੇ ਅੰਦੋਲਨ ਦੀ ਸਫ਼ਲਤਾ-ਅਸਫ਼ਲਤਾ ਇਨ੍ਹਾਂ ਦੋ ਸਿਰਿਆਂ ਵਿਚਕਾਰ ਰਹਿੰਦੀ ਹੈ। ਮਾਣ ਕਰਨ ਯੋਗ ਪ੍ਰਾਪਤੀਆਂ ਅਤੇ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਇਸ ਫਾਰਮੂਲੇ ਅਨੁਸਾਰ ਵਾਪਰਨਗੀਆਂ। ਬਹੁਤੇ ਅੰਦੋਲਨ ਨਿਰਣਾ ਕਰਨ ਵੇਲੇ ਥਿੜ੍ਹਕ ਜਾਂਦੇ ਹਨ ਕਿਉਂਕਿ ਉਹ ਤਰਕ ਦੀ ਥਾਂ ਭਾਵੁਕਤਾ ਤੋਂ ਪਰੇਰੇ ਹੁੰਦੇ ਹਨ। ਅੰਦੋਲਨ ਵਿਚ ਵਿਧੀ ਹਮਲਾਵਰੀ ਵਰਤੀ ਜਾਂਦੀ ਹੈ। ਆਗੂ ਦਾ ਮੁੱਖ ਲੱਛਣ ਵਿਦਰੋਹ ਹੁੰਦਾ ਹੈ। ਪਰੰਪਰਾ ਨੂੰ ਪਾਲਣ ਵਾਲੇ ਕਦੇ ਆਗੂ ਜਾਂ ਨਾਇਕ ਨਹੀਂ ਬਣਦੇ। ਵਿਦਰੋਹ ਵਿਚ ਨਵੀਨਤਾ ਹੁੰਦੀ ਹੈ ਜਦੋਂਕਿ ਪਰੰਪਰਾ ਵਿਚ ਦੁਹਰਾਓ ਹੁੰਦਾ ਹੈ। ਅੰਦੋਲਨ, ਇਕੱਠ ਜਾਂ ਸਮਾਗਮ ਕੋਈ ਹੋਵੇ, ਉਸ ਵਿਚ ਕੁਝ ਗੁੰਝਲੀ ਵਿਅਕਤੀਆਂ ਦਾ ਵੜਨਾ ਸੁਭਾਵਿਕ ਹੁੰਦਾ ਹੈ। ਇਨ੍ਹਾਂ ਦੀ ਹਾਜ਼ਰੀ ਨਾਲ ਸਮੱਸਿਆਵਾਂ ਹੀ ਉਪਜਦੀਆਂ ਹਨ ਜਿਸ ਕਾਰਨ ਬਹੁਤ ਸਾਰੀ ਸ਼ਕਤੀ ਅਤੇ ਵਸੀਲੇ ਅਜਾਈਂ ਚਲੇ ਜਾਂਦੇ ਹਨ। ਅਜਿਹੇ ਅੰਦੋਲਨਾਂ ਨੂੰ ਮੁੜ ਲੀਹ 'ਤੇ ਪਾਉਣਾ ਮੁਸ਼ਕਿਲ ਹੁੰਦਾ ਹੈ।

ਮਹਾਨ ਅੰਦੋਲਨਾਂ ਵਿਚ ਅਸਫ਼ਲ ਹੋਣਾ ਵੀ ਸਫ਼ਲਤਾ ਵਰਗਾ ਹੁੰਦਾ ਹੈ। ਜਿਸ ਅੰਦੋਲਨ ਵਿਚ ਜਿੱਤ ਦੀ ਸੰਭਾਵਨਾ ਹੁੰਦੀ ਹੈ, ਉਸ ਵਿਚ ਹਾਰ ਦਾ ਡਰ ਵੀ ਹੁੰਦਾ ਹੈ। ਪਹਾੜ 'ਤੇ ਚੜ੍ਹਨ ਵਿਚ ਜੇਤੂ ਹੋਣ ਦਾ ਅਹਿਸਾਸ ਹੁੰਦਾ ਹੈ, ਪਰ ਡਿੱਗ ਕੇ ਮਰਨ ਦਾ ਖ਼ਤਰਾ ਵੀ ਹੁੰਦਾ ਹੈ। ਸੰਗਰਾਮੀਆਂ ਦੀ ਟੇਕ ਜਿੱਤ 'ਤੇ ਹੁੰਦੀ ਹੈ, ਹਾਰ ਦਾ ਉਨ੍ਹਾਂ ਨੂੰ ਡਰ ਨਹੀਂ ਹੁੰਦਾ। ਇਰਾਨ ਵਿਚ ਉਨ੍ਹੀਵੀਂ ਸਦੀ ਦੇ ਅੱਧ ਵਿਚ ਜਨਮੇ ਜਮਾਲੁਦੀਨ ਅਫ਼ਗਾਨੀ ਨੇ, ਸਾਰੇ ਸੰਸਾਰ ਦੇ ਮੁਸਲਮਾਨਾਂ ਨੂੰ ਇਕਮੁੱਠ ਕਰਕੇ, ਪੱਛਮੀ ਦੇਸ਼ਾਂ ਵਿਰੁੱਧ ਸੰਘਰਸ਼ ਕਰਨ ਅਤੇ ਉਨ੍ਹਾਂ ਵੱਲੋਂ ਢਾਹੀਆਂ ਇਸਲਾਮੀ ਬਾਦਸ਼ਾਹੀਆਂ ਨੂੰ ਮੁੜ ਉਸਾਰਨ ਦਾ ਬੀੜਾ ਚੁੱਕਿਆ ਸੀ। ਉਹ ਆਪਣੇ ਉਦੇਸ਼ ਵਿਚ ਸਫ਼ਲ ਤਾਂ ਨਹੀਂ ਹੋਇਆ, ਪਰ ਉਸ ਨੇ ਸਾਰੇ ਇਸਲਾਮਿਕ ਸੰਸਾਰ ਵਿਚ ਪੱਛਮੀ ਹਕੂਮਤਾਂ ਪ੍ਰਤੀ ਵਿਰੋਧ ਦੇ ਬੀਜ ਬੀਜਣ ਵਿਚ ਸਫ਼ਲਤਾ ਪ੍ਰਾਪਤ ਕੀਤੀ। ਮੁਹੰਮਦ ਇਕਬਾਲ ਇਸ ਲਹਿਰ ਦੀ ਉਪਜ ਸੀ। ਆਇਤੁੱਲਾ ਖੋਮੈਨੀ ਇਸ ਲਹਿਰ ਦੇ ਪ੍ਰਭਾਵ ਅਧੀਨ ਹੀ ਇਰਾਨ ਵਿਚ ਜਹਾਦ ਨੂੰ ਮੁੜ ਸੁਰਜੀਤ ਕਰ ਸਕਿਆ। ਪੱਛਮੀ ਹਕੂਮਤਾਂ ਵਿਰੁੱਧ ਸਾਰੇ ਅਜੋਕੇ ਅੰਦੋਲਨ ਇਸ ਲਹਿਰ ਦੇ ਪ੍ਰਭਾਵ ਅਧੀਨ ਵਾਪਰੇ ਹਨ ਅਤੇ ਵਾਪਰ ਰਹੇ ਹਨ। ਕੋਈ ਧਾਰਮਿਕ ਅੰਦੋਲਨ ਵੀ ਕੇਵਲ ਧਾਰਮਿਕ ਨਹੀਂ ਹੁੰਦਾ। ਲਹਿਰ ਕੋਈ ਹੋਵੇ, ਇਹ ਰਾਜਨੀਤਕ ਹੀ ਹੁੰਦੀ ਹੈ, ਉਦੇਸ਼ ਹਕੂਮਤ ਕਰਨਾ ਹੁੰਦਾ ਹੈ। ਰਾਜ ਤੋਂ ਬਿਨਾਂ ਧਰਮ ਵੀ ਨਹੀਂ ਚੱਲਦਾ। ਹਰ ਲਹਿਰ ਦੇ ਪਿੱਛੇ ਕੋਈ ਨਾ ਕੋਈ ਜਮਾਤ ਅਤੇ ਵਿਚਾਰਧਾਰਾ ਹੁੰਦੀ ਹੈ।

ਸੰਸਾਰ ਵਿਚ ਜਦੋਂ ਦੀ ਬਾਰੂਦ ਦੀ ਕਾਢ ਨਿਕਲੀ ਹੈ, ਉਦੋਂ ਤੋਂ ਹੀ ਅੰਦੋਲਨਾਂ ਵਿਚ ਵੀ ਹਮਲਾਵਰੀ ਬਿਰਤੀ ਬਲਵਾਨ ਅਤੇ ਹਿਫ਼ਾਜ਼ਤੀ ਬਿਰਤੀ ਕਮਜ਼ੋਰ ਹੋਈ ਹੈ ਜਿਸ ਕਾਰਨ ਸੰਸਾਰ ਵਿਚ ਬੈਚੇਨੀ ਵਧੀ ਹੈ। ਮਾਰਕਸ ਨੇ ਸੰਘਰਸ਼ ਅਤੇ ਡਾਰਵਿਨ ਨੇ ਮੁਕਾਬਲੇ ਦੀ ਬਿਰਤੀ ਬਲਵਾਨ ਕੀਤੀ ਹੈ। ਫਰਾਇਡ ਦੇ ਵਿਚਾਰਾਂ ਨੇ ਸੰਸਾਰ ਵਿਚ ਮਾਨਸਿਕ ਉਲਝਣਾਂ ਵਧਾਈਆਂ ਹਨ। ਇਨ੍ਹਾਂ ਯੁੱਗ-ਪੁਰਸ਼ਾਂ ਨੇ ਮਨੁੱਖ ਦੀ ਅਕਲ ਤਾਂ ਵਧਾ ਦਿੱਤੀ ਹੈ, ਪਰ ਆਪਸੀ ਖਿੱਚੋਤਾਣ ਵਿਚ ਵਾਧਾ ਕਰਕੇ ਸਬੰਧਾਂ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਵਧਾ ਦਿੱਤੀ ਹੈ।

ਉਦਯੋਗੀਕਰਣ ਨੇ ਖੇਤੀਬਾੜੀ ਸਮਾਜਾਂ ਦੀਆਂ ਮਾਨਤਾਵਾਂ ਨੂੰ ਤੋੜਨ ਦੀ ਪੀੜਾ ਉਪਜਾਈ ਹੈ। ਕਿਸੇ ਦੇਸ਼ ਦੀ ਸਭਿਅਤਾ ਦਾ ਸੁਭਾਓ ਕਿਹੋ ਜਿਹਾ ਵੀ ਹੋਵੇ, ਉਦਯੋਗੀਕਰਣ ਦਾ ਸੁਭਾਓ, ਅਮਲ ਅਤੇ ਪ੍ਰਭਾਵ ਇਕੋ ਜਿਹਾ ਹੁੰਦਾ ਹੈ। ਉਦਯੋਗੀਕਰਣ ਨੇ ਵਾਸਤਵ ਵਿਚ ਪੇਂਡੂ ਵਿਵਸਥਾ ਨੂੰ ਖੇਰੂੰ-ਖੇਰੂੰ ਕਰਕੇ, ਨਿਰਾ-ਸਤਾ, ਉਦਾਸੀ, ਮਾਯੂਸੀ ਆਦਿ ਉਪਜਾ ਕੇ ਪੇਂਡੂ ਮਨੁੱਖ ਨੂੰ ਰੋਲ ਦਿੱਤਾ ਹੈ। ਪੇਂਡੂ ਸੋਚ, ਮਹਾਂਨਗਰੀ ਸੋਚ ਤੋਂ ਪੱਛੜ ਕੇ ਗੁਆਚ ਗਈ ਹੈ। ਪਿੰਡ ਪਰੰਪਰਾਵਾਂ ਦੀਆਂ ਪਾਠਸ਼ਾਲਾਵਾਂ ਹੁੰਦੀਆਂ ਹਨ ਜਦੋਂਕਿ ਸ਼ਹਿਰ ਅਤੇ ਮਹਾਂਨਗਰ ਆਧੁਨਿਕਤਾ ਦੇ ਕੇਂਦਰ ਹੁੰਦੇ ਹਨ। ਖੇਤੀਬਾੜੀ ਦੇ ਪੱਛੜਨ ਅਤੇ ਕਿਸਾਨੀ ਦੇ ਕਮਜ਼ੋਰ ਹੋਣ ਦੀ ਪ੍ਰਕਿਰਿਆ ਉਦਯੋਗੀਕਰਣ ਨਾਲ ਹੀ ਆਰੰਭ ਹੋ ਗਈ ਸੀ। ਪਹਿਲਾਂ ਉਦਯੋਗੀਕਰਣ ਨੇ ਜੀਵਨ ਦੀ ਨੁਹਾਰ ਬਦਲੀ ਸੀ, ਹੁਣ ਕੰਪਿਊਟਰ ਨੇ ਉਦਯੋਗੀਕਰਣ ਦਾ ਚਿਹਰਾ-ਮੁਹਰਾ ਵੀ ਬਦਲ ਦਿੱਤਾ ਹੈ। ਹੁਣ ਇਕ ਪੀੜ੍ਹੀ ਦਾ ਵਿਹਾਰ ਦੂਜੀ ਪੀੜ੍ਹੀ ਨੂੰ ਸਮਝ ਹੀ ਨਹੀਂ ਆਉਂਦਾ। ਸੰਕਟ ਨਿਰੰਤਰ ਵਧ ਰਹੇ ਹਨ।

ਵਿਸ਼ਵੀਕਰਣ ਦੇ ਦੌਰ ਵਿਚ ਹਰੇਕ ਖੇਤਰ ਵਿਚ ਮੁਕਾਬਲੇ ਅਤੇ ਜੱਦੋਜਹਿਦ ਦਾ ਅਖਾੜਾ ਵੱਡਾ ਹੋ ਗਿਆ ਹੈ। ਮਹਿੰਗਾਈ ਵਧਣ ਨਾਲ ਗ਼ਰੀਬ ਹੋਣਾ ਵੀ ਮਹਿੰਗਾ ਹੋ ਜਾਂਦਾ ਹੈ। ਅਜੋਕੇ ਮਨੁੱਖ ਨੂੰ ਹੁਣ ਉਹ ਖ਼ਰਚੇ ਕਰਨੇ ਪੈਂਦੇ ਹਨ ਜਿਨ੍ਹਾਂ ਬਾਰੇ ਕੁਝ ਦਹਾਕੇ ਪਹਿਲਾਂ ਉਸ ਨੇ ਸੁਣਿਆ ਹੀ ਨਹੀਂ ਸੀ। ਅਜਿਹੀ ਸਥਿਤੀ ਵਿਚ ਵਿਅਕਤੀਵਾਦ ਦੀ ਬਿਰਤੀ ਬਲਵਾਨ ਹੋਣ ਕਾਰਨ, ਹਰ ਕੋਈ ਗਵਾਚੇ ਹੋਏ ਵਿਅਕਤੀ ਵਾਂਗ ਵਿਹਾਰ ਕਰ ਰਿਹਾ ਹੈ ਜਿਸ ਕਾਰਨ ਹੁਣ ਲੋਕਾਂ ਦਾ ਜਥੇਬੰਦ ਹੋ ਕੇ ਲੰਮਾ ਸੰਘਰਸ਼ ਕਰਨਾ ਮੁਸ਼ਕਿਲ ਹੋ ਗਿਆ ਹੈ ਅਤੇ ਨਤੀਜੇਵੱਸ ਜਿੱਤ ਦਾ ਭਰੋਸਾ ਗੁਆਚਦਾ ਜਾ ਰਿਹਾ ਹੈ। ਕੋਈ ਅੰਦੋਲਨ ਕਰਦਿਆਂ ਭਰਮ ਹੁੰਦਾ ਹੈ ਕਿ ਅਸੀਂ ਜਿੱਤ ਰਹੇ ਹਾਂ, ਪਰ ਯਥਾਰਥ ਦੱਸਦਾ ਹੈਕਿ ਸੰਘਰਸ਼ ਤਾਂਅਜੇ ਹੋਣਾ ਹੈ। ਸਰਕਾਰਾਂ ਕੋਲ ਪ੍ਰਚਾਰ ਦੇ ਸਾਧਨ ਇਤਨੇ ਸ਼ਕਤੀਸ਼ਾਲੀ ਹੋ ਗਏ ਹਨ ਅਤੇ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਇਤਨੀ ਵਧ ਗਈ ਹੈ ਕਿ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਸਾਡਾ ਅਸਲੀ ਦੁਸ਼ਮਣ ਕੌਣ ਹੈ ਅਤੇ ਉਹ ਕਿੱਥੇ ਹੈ? ਇਸ ਕਾਰਨ ਜਿਹੜਾ ਸਾਡੇ ਵਿਰੋਧਾਂ ਦਾ ਭਾਈਵਾਲ ਨਹੀਂ ਬਣਦਾ, ਉਸ ਨੂੰ ਅਸੀਂ ਆਪਣਾ ਵਿਰੋਧੀ ਮਿੱਥ ਲੈਂਦੇ ਹਾਂ। ਸਰਕਾਰਾਂ ਕੋਲ ਮੀਡੀਏ ਨੂੰ ਖ਼ਰੀਦਣ ਅਤੇ ਕੂੜ ਪ੍ਰਚਾਰ ਦੇ ਅਥਾਹ ਸਾਧਨਾਂ ਦੀ ਤੁਲਨਾ ਵਿਚ ਰੈਲੀਆਂ ਕਰਨਾ ਨਿਭਣਯੋਗ ਪ੍ਰੋਗਰਾਮ ਨਹੀਂ ਰਹਿੰਦਾ। ਲੋਕਾਂ ਦਾ ਧਿਆਨ ਕਿਸੇ ਇਕ ਮਸਲੇ 'ਤੇ ਲੰਮਾ ਸਮਾਂ ਕੇਂਦਰਿਤ ਕਰੀ ਰੱਖਣਾ ਵੀ ਸੰਭਵ ਨਹੀਂ ਰਹਿੰਦਾ ਅਤੇ ਆਮ ਲੋਕਾਂ ਦੀ ਉਸ ਮਸਲੇ ਵਿਚ ਦਿਲਚਸਪੀ ਪੇਤਲੀ ਹੁੰਦੀ-ਹੁੰਦੀ ਮੁੱਕ ਜਾਂਦੀ ਹੈ। ਅੰਦੋਲਨ ਜਾਂ ਕਾਰਜ ਕੋਈ ਹੋਵੇ, ਉਸ ਉੱਤੇ ਮੌਸਮ ਦਾ ਪ੍ਰਭਾਵ ਵਿਆਪਕ ਅਤੇ ਡੂੰਘਾ ਹੁੰਦਾ ਹੈ। ਬਦਲੇ ਹੋਏ ਮੌਸਮ ਵਿਚ ਅੰਦੋਲਨ ਦੀ ਪੁਰਾਣੀ ਸ਼ਿੱਦਤ ਬਣਾਈ ਰੱਖਣੀ ਮੁਸ਼ਕਿਲ ਹੁੰਦੀ ਹੈ।

ਪੰਜਾਬ ਦਾ ਇਤਿਹਾਸ ਤਲਵਾਰਾਂ ਦਾ ਸਿਰਜਿਆ ਹੋਇਆ ਹੈ। ਅਸੀਂ ਅਜੇ ਸਮਝਣਾ ਹੈ ਕਿ ਸ਼ਕਤੀ ਤਰਕ ਅਤੇ ਲਚਕ ਵਿਚ ਹੁੰਦੀ ਹੈ, ਜ਼ਿੱਦ ਅਤੇ ਸਿਧਾਂਤ ਵਿਚ ਨਹੀਂ। ਸਹੀ ਹੋਣਾ ਚੰਗੀ ਗੱਲ ਹੈ,ਪਰ ਇਸ ਗੁਮਾਨ ਤੋਂ ਮੁਕਤ ਹੋਣ ਦੀ ਲੋੜ ਹੈ ਕਿ ਕੇਵਲ ਅਸੀਂ ਹੀ ਸਹੀ ਹਾਂ। ਕਈ ਵਾਰੀ ਕੋਈ ਤਰਕ ਕਿਸੇ ਅੰਦੋਲਨ ਦੇ ਆਰੰਭ ਵਿਚ ਸਹੀ ਪ੍ਰਤੀਤ ਹੁੰਦਾ ਹੈ, ਪਰ ਵਕਤ ਦੇ ਬੀਤਣ ਨਾਲ ਸੋਝੀ ਹੁੰਦੀ ਹੈ ਕਿ ਪੈਂਤੜਾ ਅਤੇ ਨੀਤੀ ਬਦਲਣ ਦੀ ਲੋੜ ਹੈ। ਹਰ ਅੰਦੋਲਨ ਵਿਚ ਵੱਖਰੀ ਕਿਸਮ ਦੇ ਵਲੀ ਕੰਧਾਰੀ ਅਤੇ ਸੱਜਣ ਠੱਗ ਮਿਲਦੇ ਹਨ। ਅਫ਼ਵਾਹਾਂ ਉਪਜਾਈਆਂ ਜਾਂਦੀਆਂ ਹਨ, ਭਰਮ ਫੈਲਾਏ ਜਾਂਦੇ ਹਨ, ਦੁਚਿੱਤੀਆਂ ਕਾਰਨ ਕਥਨਾਂ ਦੇ ਗ਼ਲਤ ਅਰਥ ਕੱਢੇ ਜਾਂਦੇ ਹਨ। ਭੀੜ ਦੇ ਭਰਮਾਂ ਅਤੇ ਦੁਚਿੱਤੀਆਂ ਨੂੰ ਜਿੱਤਣਾ ਆਗੂਆਂ ਦੀ ਸੋਚ ਅਤੇ ਹੌਸਲੇ ਨਾਲ ਹੀ ਸੰਭਵ ਹੁੰਦਾ ਹੈ। ਹਰ ਸੰਗਰਾਮ ਦੀ ਮੰਜ਼ਿਲ ਹੁੰਦੀ ਹੈ, ਮੰਜ਼ਿਲ ਕਾਰਨ ਫ਼ਾਸਲੇ ਅਤੇ ਮੋੜ ਹੁੰਦੇ ਹਨ, ਹਰ ਮੋੜ ਨਾਲ ਨਵੀਆਂ ਮੁਸ਼ਕਿਲਾਂ ਉਪਜਦੀਆਂ ਹਨ ਜਿਨ੍ਹਾਂ ਨੂੰ ਹੌਸਲੇ ਅਤੇ ਸਵੈ-ਵਿਸ਼ਵਾਸ ਨਾਲ ਪਾਰ ਕੀਤਾ ਜਾਂਦਾ ਹੈ। ਵਿਰੋਧੀ ਆਪਣੀ ਮਰਜ਼ੀ ਮਨਵਾਉਣ ਲਈ ਵਿਕਾਸ ਦਾ ਭਰਮ ਉਪਜਾਉਂਦੇ ਹਨ, ਆਮਦਨ ਦੁੱਗਣੀ ਕਰਨ ਦੇ ਸੁਪਨੇ ਵਿਖਾਉਂਦੇ ਹਨ ਅਤੇ ਕਈ ਢੰਗਾਂ ਨਾਲ ਪੁਲੀਸ ਕਾਰਵਾਈ ਨਾਲ ਡਰਾਉਂਦੇ ਅਤੇ ਧਮਕਾਉਂਦੇ ਹਨ, ਪਰ ਸਿਆਣੇ ਆਗੂ ਇਨ੍ਹਾਂ ਚਾਲਾਂ ਨੂੰ ਖ਼ੂਬ ਸਮਝਦੇ ਹੋਣ ਕਾਰਨ ਅੰਦੋਲਨਕਾਰੀਆਂ ਨੂੰ ਸੁਚੇਤ ਕਰਦੇ ਰਹਿੰਦੇ ਹਨ। ਸਰੋਤਿਆਂ ਦੀਆਂ ਤਾੜੀਆਂ ਆਗੂ ਦਾ ਹੌਸਲਾ ਵਧਾ ਦਿੰਦੀਆਂ ਹਨ। ਕਈ ਵਾਰੀ ਆਗੂ ਦੇ ਬਾਂਹ ਉੱਚੀ ਕਰਨ ਨਾਲ ਅੰਦੋਲਨਕਾਰੀਆਂ ਦਾ ਹੌਸਲਾ ਚੁਬਾਰਾ ਚੜ੍ਹ ਜਾਂਦਾ ਹੈ। ਜੇ ਆਗੂ ਦਾ ਨਾਂ ਥਾਂ ਹੋਵੇ ਤਾਂ ਹੀ ਉਸ ਦੀ ਜ਼ਿੰਦਾਬਾਦ ਅਤੇ ਵਿਰੋਧੀਆਂ ਦੀ ਮੁਰਦਾਬਾਦ ਹੁੰਦੀ ਹੈ।

ਕਮਜ਼ੋਰਾਂ ਕੋਲ ਜਿਉਂਦੇ ਰਹਿਣ ਦਾ ਇਕੋ-ਇਕ ਢੰਗ, ਕੋਈ ਸਮੂਹ ਉਸਾਰਨਾ ਜਾਂ ਕਿਸੇ ਸਮੂਹ ਦਾ ਭਾਗ ਬਣਨਾ ਹੁੰਦਾ ਹੈ। ਇਸ ਵੇਲੇ ਥੱਕੇ ਹੋਏ ਅਤੇ ਮਜਬੂਰੀਆਂ ਦੇ ਸ਼ਿਕਾਰ ਪੰਜਾਬ ਨੂੰ ਇਕ ਵੱਡੇ ਆਗੂ ਦੀ ਲੋੜ ਹੈ। ਜਨਤਾ ਕੋਲ ਹਕੂਮਤ ਖ਼ਤਮ ਕਰਨ ਦਾ ਅਧਿਕਾਰ ਨਹੀਂ ਹੁੰਦਾ, ਹਾਕਮ ਬਦਲਣ ਦਾ ਹੀ ਅਧਿਕਾਰ ਹੁੰਦਾ ਹੈ, ਇਸ ਕਾਰਨ ਹੀ ਹਾਕਮਾਂ ਵਿਰੁੱਧ ਅੰਦੋਲਨ ਅਤੇ ਵਿਦਰੋਹ ਹੁੰਦੇ ਹਨ। ਇਸ ਵੇਲੇ ਸਿੱਧੀ, ਸਾਦੀ ਅਤੇ ਸਰਲ ਪੇਂਡੂ ਸੋਚ ਮਹਾਂਨਗਰੀ ਆਧੁਨਿਕ ਸੋਚ ਦਾ ਸਾਹਮਣਾ ਕਰ ਰਹੀ ਹੈ। ਇਹ ਮੁਕਾਬਲਾ ਅਸਾਵਾਂ ਹੈ। ਹੁਣ ਪਿੰਡ ਨੂੰ, ਦਿੱਲੀ ਦਾ ਕਈ ਸੌ ਕਿਲੋਮੀਟਰ ਦੂਰ, ਸਾਹਮਣਾ ਕਰਨਾ ਪੈ ਰਿਹਾ ਹੈ। ਉਦਯੋਗਿਕ ਕਰਾਂਤੀ ਨਾਲ ਖੇਤੀਬਾੜੀ ਨਾਲ ਜੋ ਵਾਪਰਿਆ ਹੈ, ਉਹ ਦੁਹਰਾਇਆ ਜਾ ਰਿਹਾ ਹੈ। ਉਦਯੋਗਿਕ ਕਰਾਂਤੀ ਨਾਲ ਭਾਰਤੀ ਕਿਸਾਨ ਦੀ ਹਾਲਤ ਮਾੜੀ ਹੋਈ। ਇੰਗਲੈਂਡ ਨੇ ਸਾਡੇ ਸਸਤੇ ਕੱਚੇ ਮਾਲ ਦਾ ਮਸ਼ੀਨਾਂ ਨਾਲ ਆਪ ਮਾਲ ਬਣਾਉਣਾ ਆਰੰਭ ਕੀਤਾ ਜਿਸ ਕਾਰਨ ਉੱਥੇ ਸਾਡਾ ਮਾਲ ਵਿਕਣਾ ਬੰਦ ਹੋ ਗਿਆ। ਸਾਡੇ ਮਾਲ ਦੀ ਵਿਕਰੀ ਰੋਕਣ ਲਈ ਇੰਗਲੈਂਡ ਨੇ ਮਹਿਸੂਲ ਵੀ ਲਾ ਦਿੱਤਾ। ਸਾਡੇ ਦੇਸ਼ ਵਿਚ ਖੇਤੀ ਉੱਤੇ ਉਦਯੋਗਾਂ ਦਾ ਹਮਲਾ ਹੁਣ ਸ਼ੁਰੂ ਹੋਇਆ ਹੈ। ਇਤਿਹਾਸ ਦੀ ਸਮਝ ਰੱਖਣ ਵਾਲੇ ਜਾਣਦੇ ਹਨ ਕਿ ਸਾਡੇ ਨਾਲ ਕੀ ਵਾਪਰਨ ਵਾਲਾ ਹੈ। ਇਸ ਵੇਲੇ ਪੰਜਾਬ ਦੇ ਜੱਟ ਦੀ ਪੱਗ, ਇਕ ਸਦੀ ਮਗਰੋਂ ਮੁੜ ਖ਼ਤਰੇ ਵਿਚ ਹੈ। ਸੰਕਟ ਦੀ ਇਸ ਘੜੀ ਵਿਚ ਜੈਕਾਰੇ ਥੱਕਣੇ ਨਹੀਂ ਚਾਹੀਦੇ, ਨਗਾਰੇ ਵੱਜਦੇ ਰਹਿਣੇ ਚਾਹੀਦੇ ਹਨ ਅਤੇ ਜਿੱਤ ਦਾ ਭਰੋਸਾ ਬਣਿਆ ਰਹਿਣਾ ਚਾਹੀਦਾ ਹੈ।

ਨਰਿੰਦਰ ਸਿੰਘ ਕਪੂਰ

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਕੈਪਟਨ ਅਮਰਿੰਦਰ ਵੱਲੋਂ ਵਿਰਾਸਤ ਵਜੋਂ ਬੱਸੀ ਪਠਾਣਾਂ ਪੁਰਾਣੀ ਜੇਲ੍ਹ ਦੇ ਵਿਕਾਸ ਦਾ ਐਲਾਨ



**ਚੰਡੀਗੜ੍ਹ।** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਵੱਲੋਂ ਬੱਸੀ ਪਠਾਣਾਂ ਦੀ ਪੁਰਾਣੀ ਜੇਲ੍ਹ ਦਾ ਵਿਕਾਸ ਅਤੇ ਸੰਭਾਲ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਗੁਰੂ ਸਾਹਿਬ ਦਿੱਲੀ ਵਿੱਚ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਜਾ ਰਹੇ ਸਨ ਤਾਂ ਨੂਰ ਮੁਹੰਮਦ ਖਾਨ ਮਿਰਜ਼ਾ ਨੇ ਉਨ੍ਹਾਂ ਨੂੰ ਇੱਥੇ ਸਾਥੀਆਂ ਸਮੇਤ 40 ਦਿਨ ਨਜ਼ਰਬੰਦ ਰੱਖਿਆ ਸੀ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਆਨੰਦਪੁਰ ਸਾਹਿਬ ਵਿੱਚ ਦੋ ਕਰੋੜ ਰੁਪਏ ਦੀ ਲਾਗਤ ਨਾਲ ਗੁਰੂ ਤੇਗ ਬਹਾਦਰ ਅਜਾਇਬਘਰ ਦੇ ਨਵੀਨੀਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਅਜਾਇਬਘਰ ਦੀ ਦਿੱਖ ਨੂੰ ਨਵਾਂ ਰੂਪ ਦੇਣ ਦੇ ਨਾਲ ਆਧੁਨਿਕ ਤਕਨਾਲੋਜੀ ਨਾਲ ਪਹਿਲੀ ਮੰਜ਼ਿਲ ਦਾ ਨਵੀਨੀਕਰਨ ਕੀਤਾ ਜਾਵੇਗਾ ਤੇ ਹੇਠਲੀ ਮੰਜ਼ਿਲ ਉੱਤੇ ਤਸਵੀਰਾਂ ਦੀ ਪ੍ਰਦਰਸ਼ਨੀ ਦਾ ਅਸਲ ਸਰੂਪ ਵੀਕਾਇਮ ਰੱਖਿਆ ਜਾਵੇਗਾ। ਵਰਨਣ ਯੋਗ ਹੈ ਕਿ ਪੰਜਾਬ ਵਿੱਚ ਗੁਰੂ ਤੇਗ ਬਹਾਦਰ ਨਾਲ ਸਬੰਧਤ ਇਹ ਇੱਕੋ-ਇੱਕ ਅਜਾਇਬਘਰ ਹੈ।ਇਸ ਤੋਂ ਇਲਾਵਾ ਉਨ੍ਹਾਂ ਨੇ ਆਨੰਦਪੁਰ ਸਾਹਿਬ ਵਿੱਚ ਵਿਰਾਸਤ ਏ ਖਾਲਸਾ ਨੇੜੇ 10 ਕਰੋੜ ਰੁਪਏ ਦੀ ਲਾਗਤ ਨਾਲ ਨੇਚਰ ਪਾਰਕ ਵਿਕਸਤ ਕਰਨ, ਬਾਬਾ ਬਕਾਲਾ ਪੰਚਾਇਤ ਦਾ ਦਰਜਾ ਵਧਾ ਕੇ ਨਗਰ ਪੰਚਾਇਤ ਕਰਨ ਅਤੇ ਜ਼ਿਲ੍ਹਾ ਤਰਨ ਤਾਰਨ ਵਿੱਚ ਬਣਨ ਵਾਲੀ ਸ੍ਰੀ ਗੁਰੂ ਤੇਗ ਬਹਾਦਰ ਸਟੇਟ ਯੂਨੀਵਰਸਿਟੀ ਆਫ ਲਾਅ ਦੇ ਨੀਂਹ ਪੱਥਰ ਰੱਖਣ ਦਾ ਵੀ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਆਨੰਦਪੁਰ ਸਾਹਿਬ ਵਿੱਚ ਉਸਾਰੀ ਅਧੀਨ ਭਾਈ ਜੈਤਾ ਜੀ ਮੈਮੋਰੀਅਲ ਵਿੱਚ ਖੰਡਾ ਸਾਹਿਬ ਸੁਸ਼ੋਭਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਦੋ ਵੱਡੇ ਸ਼ਹਿਰਾਂ ਬਾਬਾ ਬਕਾਲਾ ਅਤੇ ਆਨੰਦਪੁਰ ਸਾਹਿਬ ਵਿੱਚ 20.50 ਕਰੋੜ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਕੰਮ ਚੱਲ ਰਿਹਾ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ 103 ਥਾਂਵਾਂ ਨੂੰ ਪੰਜਾਹ ਲੱਖ ਰੁਪਏ ਪ੍ਰਤੀ ਪਿੰਡ ਤੇ ਇੱਕ ਕਰੋੜ ਰੁਪਏ ਪ੍ਰਤੀ ਸ਼ਹਿਰ ਦੀ ਗਰਾਂਟ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਦਿੱਤੀ ਗਈ ਹੈ।

# ਤੇਜ਼ ਰਫ਼ਤਾਰ ਟਰੱਕ ਮੋਰਚੇ ਦੇ ਟੈਂਟ ਵਿੱਚ ਵੜਿਆ

**ਭੁੱਚੋ ਮੰਡੀ।** ਸਿਵਲ ਇੰਜਨੀਅਰਿੰਗ ਕੰਪਨੀ ਐਮਜੀਸੀਪੀਐੱਲ ਦਾ ਤੇਜ ਰਫ਼ਤਾਰ ਕੰਕਰੀਟ ਟਰੱਕ ਮਿਕਸਰ ਬੀਤੀ ਰਾਤ ਕਰੀਬ ਦੋ ਵਜੇ ਬੈਸਟ ਪ੍ਰਾਈਸ ਮਾਲ ਅੱਗੇ ਭਾਕਿਯੂ ਉਗਰਾਹਾਂ ਦੇ ਚੱਲ ਰਹੇ ਕਿਸਾਨ ਮੋਰਚੇ ਵਾਲੇ ਟੈਂਟ ਵਿੱਚ ਵੜ ਗਿਆ ਅਤੇ ਪਾਣੀ ਵਾਲੀ ਟੈਂਕੀ ਤੇ ਸਾਊਂਡ ਸਿਸਟਮ ਬਗੈਰਾ ਤੋੜਦਾ ਹੋਇਆ ਅੱਗੇ ਨਿਕਲ ਗਿਆ। ਇਸ ਟੈਂਟ ਵਿੱਚ ਸਾਮਾਨ ਦੀ ਰਾਖੀ ਲਈ ਸੁੱਤੇ ਕਿਸਾਨ ਵਾਲ-ਵਾਲ ਬਚ ਗਏ। ਪਤਾ ਲਗਦਿਆਂ ਹੀ ਪਿੰਡਾਂ ਵਿੱਚੋਂ ਕਿਸਾਨ ਮਿਕਸਰ ਪਲਾਂਟ ਅੱਗੇ ਪਹੁੰਚ ਗਏ ਅਤੇ ਗੇਟ ਅੱਗੇ ਧਰਨਾ ਲਗਾ ਦਿੱਤਾ। ਉਨ੍ਹਾਂ ਕੰਪਨੀ ਦੇ ਅਧਿਕਾਰੀਆਂ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਮੁਲਜ਼ਮ ਡਰਾਈਵਰ ਖ਼ਿਲਾਫ਼ ਪੁਲੀਸ ਕਾਰਵਾਈ ਦੀ ਮੰਗ ਕੀਤੀ। ਮੌਕੇ ਪੁੱਜੀ ਥਾਣਾ ਬਠਿੰਡਾ ਛਾਉਣੀ ਦੀ ਪੁਲੀਸ ਟਰੱਕ ਡਰਾਈਵਰ ਹਰਬੰਸ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਥਾਣੇ ਲੈ ਗਈ। ਇਸ ਮੌਕੇ ਪਟਿਆਲਾ ਤੋਂ ਪੁੱਜੇ ਕੰਪਨੀ ਅਧਿਕਾਰੀ ਰਘਵੀਰ ਸਿੰਘ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਨੁਕਸਾਨ ਦੀ ਭਰਪਾਈ ਕਰ ਦੇਵੇਗਾ ਅਤੇ ਡਰਾਈਵਰ ਖ਼ਿਲਾਫ਼ ਉਹ ਭਾਵੇਂ ਪੁਲੀਸ ਕਾਰਵਾਈ ਕਰਵਾ ਲੈਣ। ਅਧਿਕਾਰੀ ਦੇ ਇਸ ਭਰੋਸੇ ਮਗਰੋਂ ਕਿਸਾਨਾਂ ਨੇ ਧਰਨਾ ਚੁੱਕ ਦਿੱਤਾ। ਐੱਸਐੱਚਓ ਗੁਰਮੀਤ ਸਿੰਘ ਨੇ ਵਿੱਚ ਕਿਹਾ ਕਿ ਇਸ ਮਾਮਲੇ ਵਿੱਚ ਕਿਸੇ ਨੂੰ



ਫੜਨ ਵਾਲੀ ਕਿਹੜੀ ਗੱਲ ਹੈ, ਇਹ ਕੋਈ ਵੱਡੀ ਗੱਲ ਨਹੀਂ ਹੈ, ਨੁਕਸਾਨ ਹੋਇਆ ਹੈ 427 ਦੀ ਧਾਰਾ ਤਹਿਤ ਭਰਪਾਈ ਕਰ ਦਿੱਤੀ ਹੋਵੇਗੀ।

# 19 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਪਿਓ-ਪੁੱਤ ਉੱਤੇ ਕੇਸ ਦਰਜ

**ਭੋਗਪੁਰ।** ਥਾਣਾ ਭੋਗਪੁਰ ਦੇ ਪਿੰਡ ਲੜੋਈ ਦੇ ਇੱਕ ਨੌਜਵਾਨ ਨੂੰ ਵਿਦੇਸ਼ ਭੇਜਣ ਬਹਾਨੇਏਜੰਟ ਪਿਓ-ਪੁੱਤਰ ਵੱਲੋਂ 19 ਲੱਖ ਰੁਪਏ ਦੀ ਠੱਗੀ ਮਾਰੇ ਜਾਣ ਦੇ ਦੋਸ਼ ਹੇਠ ਦੋਵਾਂਕੇਸ ਦਰਜ ਕੀਤਾ ਗਿਆ ਹੈ।ਇਸ ਬਾਰੇ ਜਸਕਰਨ ਸਿੰਘ ਪੁੱਤਰ ਲਖਵੀਰ ਸਿੰਘ ਅਤੇ ਲਖਵੀਰ ਸਿੰਘ ਪੁੱਤਰ ਗੁਰਦਿਆਲ ਸਿੰਘ ਪਿੰਡ ਲੜੋਈ ਨੇ ਐਸ ਐਸ ਪੀ ਜਲੰਧਰ ਦਿਹਾਤੀ ਨੂੰ ਇੱਕ ਸ਼ਿਕਾਇਤ ਦਿੱਤੀ ਸੀ, ਜਿਸ ਵਿੱਚ ਉਨ੍ਹਾਂ ਦੱਸਿਆ ਸੀ ਕਿ ਗੁਰਵਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਅਤੇ ਬਖਸ਼ੀਸ਼ ਸਿੰਘ ਪੁੱਤਰ ਬਿਕਰਮ ਸਿੰਘ ਪਿੰਡ ਜੈਦ ਥਾਣਾ ਭੁਲੱਥ ਦੋਵੇਂ-ਪਿਓ ਪੁੱਤਰ ਹਨ ਅਤੇ ਲੋਕਾਂ ਨੂੰ ਵਿਦੇਸ਼ ਭੇਜਣ ਲਈ ਏਜੰਟੀ ਕਰਦੇ ਹਨ। ਗੁਰਵਿੰਦਰ ਸਿੰਘ ਦੀ ਭੈਣ ਅਤੇ ਬਖਸ਼ੀਸ਼ ਸਿੰਘ ਦੀ ਧੀ ਸਾਡੇ ਪਿੰਡ ਲੜੋਈ ਵਿੱਚ ਵਿਆਹੀ ਹੈ। ਇਸੇ ਕਾਰਨ ਜਸਕਰਨ ਅਤੇ ਉਸ ਦੇ ਪਿਤਾ ਦੀ ਜਾਣ ਪਛਾਣ ਗੁਰਵਿੰਦਰ ਸਿੰਘ ਅਤੇ ਉਸ ਦੇ ਪਿਤਾ ਬਖਸ਼ੀਸ਼ ਸਿੰਘ ਨਾਲ ਹੋਈ। ਏਜੰਟ ਪਿਓ-ਪੁੱਤਰ ਨੇ ਜਸਕਰਨ ਦੇ ਪਿਤਾ ਨੂੰ ਦੱਸਿਆ ਕਿ ਉਹ ਏਜੰਟੀ ਕਰਦੇ ਹਨ। ਲਖਵੀਰ ਸਿੰਘ ਨੇ ਆਪਣੇ ਪੁੱਤਰ ਜਸਕਰਨ ਨੂੰ ਕੈਨੇਡਾ ਭੇਜਣ ਸਬੰਧੀ ਉਨ੍ਹਾਂ ਨਾਲ ਗੱਲ ਕੀਤੀ ਅਤੇ 19 ਲੱਖ ਰੁਪਏ ਵਿੱਚ ਜਸਕਰਨ ਨੂੰ ਕੈਨੇਡਾ ਭੇਜਣ ਦਾ ਸੌਦਾ ਤੈਅ ਹੋਇਆ। ਲਖਵੀਰ ਸਿੰਘ ਅਤੇ ਉਸ ਦੇ ਪਰਿਵਾਰ ਨੇ 19 ਲੱਖ ਰੁਪਏ ਦੀ ਰਕਮ ਇਕੱਠੀ ਕਰ ਕੇ ਗੁਰਵਿੰਦਰ ਸਿੰਘ ਅਤੇ ਉਸ ਦੇ ਪਿਤਾ ਬਖਸ਼ੀਸ਼ ਸਿੰਘ ਨੂੰ ਦਿੱਤੀ। ਜਦੋਂ ਕਾਫੀ ਸਮਾਂ ਬੀਤਣ ਉਤੇ ਵੀ ਏਜੰਟਾਂ ਨੇ ਲਖਵੀਰ ਨੂੰ ਕੈਨੇਡਾ ਨਾ ਭੇਜਿਆ ਤਾਂ ਲਖਵੀਰ ਦੇ ਪਰਿਵਾਰ ਨੇ ਪੈਸੇ ਵਾਪਸ ਮੰਗਣੇ ਸ਼ੁਰੂ ਕੀਤੇ ਤਾਂ ਏਜੰਟ ਜੋੜੀ ਨੇ ਦਸੰਬਰ 2019 ਤੱਕ ਪੈਸੇ ਵਾਪਸ ਕਰਨ ਦਾ ਇਕਰਾਰਨਾਮਾ ਲਿਖ ਕੇ ਦੇ ਦਿੱਤਾ ਅਤੇ ਦੋ ਚੈਕ ਦੇ ਦਿੱਤੇ। ਤੈਅ ਕੀਤਾ ਸਮਾਂ ਬੀਤਣ ਤੋਂ ਬਾਅਦ ਵੀ ਜਦੋਂ ਏਜੰਟ ਨੇ ਪੈਸੇ ਵਾਪਸ ਨਾ ਕੀਤੇ ਤਾਂ ਲਖਵੀਰ ਸਿੰਘ ਨੇ ਏਜੰਟ ਵੱਲੋਂ ਦਿੱਤੇ ਚੈਕ ਬੈਂਕ ਖਾਤੇ ਵਿੱਚ ਲਾ ਦਿੱਤੇ, ਪਰ ਏਜੰਟਾਂ ਦੇ ਖਾਤੇ ਵਿੱਚ ਪੈਸੇ ਨਾ ਹੋਣ ਕਾਰਨ ਚੈਕ ਪਾਸ ਨਾ ਹੋ ਸਕੇ। ਉਨ੍ਹਾਂ ਵੱਲੋਂ ਇਸ ਦੀ ਸ਼ਿਕਾਇਤ ਦੀ ਜਾਂਚ ਮਾਨਵ ਤਸਕਰੀ ਵਿਰੋਧੀ ਸੈਲ ਜਲੰਧਰ ਨੂੰ ਦਿੱਤੀ। ਜਾਂਚ ਵਿੱਚ ਸਾਫ ਹੋ ਗਿਆ ਕਿ ਗੁਰਵਿੰਦਰ ਸਿੰਘ ਤੇ ਉਸ ਦੇ ਪਿਤਾ ਬਖਸ਼ੀਸ਼ ਸਿੰਘ ਨੇ 19 ਲੱਖ ਰੁਪਏ ਲੈਣ ਪਿੱਛੋਂ ਵੀ ਲਖਵੀਰ ਨੂੰ ਕੈਨੇਡਾ ਨਹੀਂ ਭੇਜਿਆ ਤੇਇਸ ਬਹਾਨੇ ਠੱਗੀ ਮਾਰੀ ਹੈ। ਥਾਣਾ ਭੋਗਪੁਰ ਪੁਲਸ ਨੇ ਦੋਵਾਂ ਪਿਤਾ-ਪੁਤਰ ਖਿਲਾਫ ਠੱਗੀ ਦਾ ਕੇਸ ਦਰਜ ਕਰ ਲਿਆ ਹੈ।




# ਡੀਸੀ ਦੀ ਜਾਅਲੀ ਆਈਡੀ ਬਣਾਉਣ ਵਾਲਿਆਂ ਖ਼ਿਲਾਫ ਕੇਸ ਦਰਜ

**ਬਠਿੰਡਾ।** ਅਣਪਛਾਤੇ ਅਪਰਾਧੀਆਂ ਵੱਲੋਂ ਡਿਪਟੀ ਕਮਿਸ਼ਨਰ ਬਠਿੰਡਾ ਬੀ. ਸ੍ਰੀਨਿਵਾਸਨ ਦੀ ਜਾਅਲੀ ਫੇਸਬੁੱਕ ਆਈਡੀ ਬਣਾਏ ਜਾਣ ਦਾ ਮਾਮਲਾ ਸਾਹਮਣੇ ਆਉਣ ਪਿੱਛੋਂ ਬਠਿੰਡਾ ਪੁਲੀਸ ਨੇ ਕੇਸ ਦਰਜ ਕਰਕੇ ਸਾਈਬਰ ਕ੍ਰਾਈਮ ਸ਼ਾਖ਼ਾ ਰਾਹੀਂ ਆਈਡੀ ਬੰਦ ਕਰ ਦਿੱਤੀ ਗਈ ਹੈ। ਮਾਮਲਾ ਉਦੋਂ ਪ੍ਰਕਾਸ਼ ਵਿਚ ਆਇਆ ਜਦੋਂ ਕਿਸੇ ਵਿਅਕਤੀ ਨੇ ਡਿਪਟੀ ਕਮਿਸ਼ਨਰ ਨੂੰ ਫ਼ੋਨ ਕਰਕੇ ਪੁੱਛਿਆ ਕਿ ਤੁਹਾਡੀ ਆਈਡੀ ’ਤੇ ਕਰੋਨਾ ਸੰਕਟ ’ਚ ਮੱਦਦ ਵਜੋਂ ਪੈਸੇ ਜਮ੍ਹਾਂ ਕਰਾਉਣ ਦਾ ਸੁਨੇਹਾ ਆਇਆ ਹੈ ਅਤੇ ਉਹ ਸਹਿਯੋਗ ਕਰਨਾ ਚਾਹੁੰਦਾ ਹੈ। ਡਿਪਟੀ ਕਮਿਸ਼ਨਰ ਨੇ ਵਿਅਕਤੀ ਨੂੰ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਕੋਈ ਅਜਿਹੀ ਆਈਡੀ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਜ਼ਿਲ੍ਹਾ ਪੁਲੀਸ ਮੁਖੀ ਭੁਪਿੰਦਰਜੀਤ ਸਿੰਘ ਵਿਰਕ ਨੂੰ ਇਹ ਜਾਣਕਾਰੀ ਦਿੱਤੀ। ਐੱਸਐੱਸਪੀ ਨੇ ਸਾਈਬਰ ਕਰਾਈਮ ਬਰਾਂਚ ਨੂੰ ਜਾਅਲੀ ਆਈਡੀ ਤੁਰੰਤ ਬੰਦ ਕਰਨ ਦੇ ਹੁਕਮ ਦਿੰਦਿਆਂ ਇਸ ਨੂੰ ਬਣਾਉਣ ਵਾਲਿਆਂ ਦੀ ਘੋਖ ਕਰਨ ਲਈ ਕਿਹਾ। ਸਾਈਬਰ ਸੈੱਲ ਹੁਣ ਮੁਲਜ਼ਮ ਨੂੰ ਲੱਭਣ ਵਿਚ ਜੁਟਿਆ ਹੋਇਆ ਹੈ ਅਤੇ ਦਾਅਵਾ ਕੀਤਾ ਗਿਆ ਹੈ ਕਿ ਜਲਦੀ ਹੀ ਉਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ। ਇਹ ਵੀ ਪਤਾ ਕੀਤਾ ਜਾ ਰਿਹਾ ਹੈ ਕਿ ਹੁਣ ਤੱਕ ਕਿੰਨੀ ਕੁ ਰਕਮ ਟਰਾਂਸਫ਼ਰ ਹੋਈ ਹੈ।



# ਦਸ ਹਜ਼ਾਰ ਬੈੱਡਾਂ ਵਾਲੇ ਆਰਜ਼ੀ ਹਸਪਤਾਲ ਤਿਆਰ ਕਰੇਗੀ ਸਰਕਾਰ

**ਨਵੀਂ ਦਿੱਲੀ।** ਦੇਸ਼ ’ਚ ਆਕਸੀਜਨ ਦੀ ਸਪਲਾਈ ਮਜ਼ਬੂਤ ਕਰਨ ਲਈ ਕੇਂਦਰ ਸਰਕਾਰ ਆਕਸੀਜਨ ਉਤਪਾਦਨ ਕਰਨ ਵਾਲੀਆਂ ਸਨਅਤੀ ਇਕਾਈਆਂ ਨੇੜੇ ਆਰਜ਼ੀ ਹਸਪਤਾਲ ਬਣਾ ਕੇ ਘੱਟ ਸਮੇਂ ’ਚ 10 ਹਜ਼ਾਰ ਆਕਸੀਜਨ ਵਾਲੇ ਬੈੱਡ ਮੁਹੱਈਆ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਅੱਜ ਕਈ ਮੀਟਿੰਗਾਂ ਕਰਕੇ ਦੇਸ਼ ’ਚ ਕੋਵਿਡ-19 ਦੇ ਵਧਦੇ ਕੇਸਾਂ ਕਾਰਨ ਬਣੇ ਹਾਲਾਤ ਦੀ ਸਮੀਖਿਆ ਕੀਤੀ ਅਤੇ ਉਸ ਤੋਂ ਬਾਅਦ ਸਰਕਾਰ ਵੱਲੋਂ ਜਾਰੀ ਬਿਆਨ ’ਚ ਕਿਹਾ ਗਿਆ ਹੈ ਕਿ ਉਨ੍ਹਾਂ ਨਾਈਟਰੋਜਨ ਪਲਾਂਟਾਂ ਨੂੰ ਆਕਸੀਜਨ ਪਲਾਂਟਾਂ ’ਚ ਤਬਦੀਲ ਕਰਨ ਦੇ ਕੰਮ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਬਿਆਨ ’ਚ ਕਿਹਾ ਗਿਆ, ‘ਅਜਿਹੀਆਂ ਵੱਖ ਵੱਖ ਸੰਭਾਵੀ ਸਨਅਤਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਨ੍ਹਾਂ ’ਚ ਮੌਜੂਦਾ ਨਾਈਟਰੋਜਨ ਪਲਾਂਟਾਂ ਨੂੰ ਆਕਸੀਜਨ ਦੇ ਉਤਪਾਦਨ ਲਈ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਦੀ ਵਰਤੋਂ ਮੈਡੀਕਲ ਕੰਮਾਂ ਲਈ ਹੋ ਸਕਦੀ ਹੈ।’



# ਹਾਈ ਕੋਰਟ ਨੇ ਕਿਹਾ: ਬਾਲ ਵਿਆਹ ਰੋਕੂ ਕਾਨੂੰਨ ਧਰਮ ਆਧਾਰ ਉੱਤੇ ਫਰਕ ਨਹੀਂ ਕਰਦਾ

**ਚੰਡੀਗੜ੍ਹ।** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਫ ਕਿਹ ਹੈ ਕਿ ਬਾਲ ਵਿਆਹ ਰੋਕੂ ਕਾਨੂੰਨ ਧਰਮ ਦੇ ਆਧਾਰ ਉੱਤੇਫਰਕ ਨਹੀਂ ਕਰਦਾ। ਕੋਰਟ ਨੇ ਪ੍ਰੇਮ ਵਿਆਹ ਕਰ ਚੁਕੇ ਪ੍ਰੇਮੀ ਜੋੜੇ ਦੇ ਪਰਵਾਰ ਵੱਲੋਂ ਉਨ੍ਹਾਂ ਦੇ ਜੀਵਨ ਦੀ ਸੁਰੱਖਿਆ ਦੀ ਮੰਗ ਕਰਦੀ ਅਰਜ਼ੀ ਉੱਤੇ ਸੁਣਵਾਈ ਦੌਰਾਨ ਇਹ ਗੱਲ ਕਹੀ।

ਇਸ ਕੇਸਵਿੱਚ ਫਤਿਹਗੜ੍ਹ ਸਾਹਿਬ ਦੀ ਜਸਪ੍ਰੀਤ ਕੌਰ ਉਰਫ਼ ਜਸਪ੍ਰੀਤ ਬੇਗਮ ਨੇ ਧਰਮ ਬਦਲ ਕੇ ਅਜੀਮ ਖ਼ਾਨ ਨਾਲ ਪ੍ਰੇਮ ਵਿਆਹ ਕੀਤਾ ਸੀ। ਦੋਵਾਂ ਦੇ ਘਰ ਵਾਲੇ ਉਨ੍ਹਾਂ ਦੇ ਰਿਸ਼ਤੇ ਤੋਂ ਖ਼ੁਸ਼ ਨਹੀਂ ਸੀ ਤੇ ਦੋਵਾਂ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਸੁਰੱਖਿਆ ਦੀ ਮੰਗ ਕੀਤੀ ਸੀ।ਉਨ੍ਹਾਂ ਨੇ ਕੋਰਟ ਨੂੰ ਦੱਸਿਆ ਕਿ ਉਨ੍ਹਾਂ ਦਾ ਇਹ ਪਹਿਲਾਂ ਵਿਆਹ ਹੈ। ਲੜਕੀ ਦੀ ਉਮਰ 18 ਸਾਲ, ਪਰ ਲੜਕੇ ਦੀ ਉਮਰ 21 ਸਾਲ ਤੋਂ ਘੱਟ ਹੈ। ਸੁਣਵਾਈ ਦੇ ਦੌਰਾਨ ਕੋਰਟ ਨੇ ਕਿਹਾ ਕਿ ਬਾਲ ਵਿਆਹ ਰੋਕੂ ਕਾਨੂੰਨ 2006 ਦੇ ਅਨੁਸਾਰ ਕਾਨੂੰਨੀ ਰੂਪ ਤੋਂ ਇਹ ਵਿਆਹ ਨਾਜ-ਾਇਜ਼ ਹੈ, ਕਿਉਂਕਿ ਲੜਕੇ ਦੀ ਉਮਰ 21 ਸਾਲ ਤੋਂ ਘੱਟ ਹੈ। ਮੁਸਲਿਮ ਪਰਸਨਲ




ਲਾਅ ਅਨੁਸਾਰ ਇਹ ਵਿਆਹ ਜਾਇਜ਼ ਮੰਨਿਆ ਜਾ ਸਕਦਾ ਹੈ, ਪਰ ਦੇਸ਼ ਦੇ ਬਾਲ ਵਿਆਹ ਰੋਕੂ ਕਾਨੂੰਨ ਮੁਤਾਬਕ ਇਹ ਵਿਆਹ ਜਾਇਜ਼ ਨਹੀਂ ਹੋ ਸਕਦਾ।

# ਚੋਣਾਂ: ਕੇਰਲਾ ਵਿੱਚ ਖਾਤਾ ਵੀ ਨਹੀਂ ਖੋਲ੍ਹ ਸਕੀ ਭਾਜਪਾ

**ਤਿਰੁਵਨੰਤਪੁਰਮ।** ਕੇਰਲਾ ਵਿਧਾਨ ਸਭਾ ਚੋਣਾਂ ’ਚ ਭਾਜਪਾ (ਐਨਡੀਏ) ਨੇ ਪਿਛਲੀ ਵਾਰ ਜਿੱਤੀ ਆਪਣੀ ਇੱਕ ਸੀਟ ਵੀ ਗੁਆ ਲਈ ਹੈ। ਜ਼ਿਕਰਯੋਗ ਹੈ ਕਿ ਭਾਜਪਾ ਦੀ ਅਗਵਾਈ ਵਿਚ ਐਨਡੀਏ ਨੇ 35 ਸੀਟਾਂ ਜਿੱਤਣ ਦਾ ਦਾਅਵਾ ਕੀਤਾ ਸੀ। ਭਾਜਪਾ ਨੇ ਇਸ ਵਾਰ ਆਪਣਾ ਇਕੋ-ਇਕ ਹਲਕਾ ਨੀਮੋਮ ਵੀ ਗੁਆ ਲਿਆ ਤੇ ਉਸ ਦੇ ਪ੍ਰਮੁੱਖ ਆਗੂ ‘ਮੈਟਰੋਮੈਨ’ ਈ. ਸ੍ਰੀਧਰਨ ਤੇ ਪਾਰਟੀ ਮੁਖੀ ਕੇ. ਸੁਰੇਂਦਰਨ ਵੀ ਚੋਣ ਜਿੱਤਣ ਵਿਚ ਅਸਫ਼ਲ ਰਹੇ। ਸੀਪੀਐਮ ਆਗੂ ਤੇ ਐਲਡੀਐਫ ਉਮੀਦਵਾਰ ਵੀ. ਸਿਵਾਨਕੁੱਟੀ ਨੇ ਇਹ ਸੀਟ 3,949 ਵੋਟਾਂ ਦੇ ਫ਼ਰਕ ਨਾਲ ਜਿੱਤ ਲਈ ਹੈ। ਭਾਜਪਾ ਲਈ ਇਹ ਸੀਟ ਵੱਕਾਰ ਦਾ ਸਵਾਲ ਬਣੀ ਹੋਈ ਸੀ। ਚੋਣਾਂ ਤੋਂ ਇਕ ਹਫ਼ਤਾ ਪਹਿਲਾਂ ਹੀ ਮੁੱਖ ਮੰਤਰੀ ਪਿਨਾਰਈ ਵਿਜਯਨ ਨੇ ਕਿਹਾ ਸੀ ਕਿ ਸੀਪੀਐਮ ਇਸ ਵਾਰ ਕੇਰਲਾ ਵਿਚ ਭਾਜਪਾ ਦਾ ਖਾਤਾ ਬੰਦ ਕਰ ਦੇਵੇਗੀ।



# 20 ਜੂਨੀਅਰ ਡਾਕਟਰਾਂ ਤੋਂ ਮਹੀਨਾ ਲੈਂਦਾ ਐਸ ਐਮ ਓ ਗ੍ਰਿਫ਼ਤਾਰ



**ਅੰਮ੍ਰਿਤਸਰ।** ਇਸ ਜ਼ਿਲੇ ਦੇ ਥਰਏਵਾਲ ਦਾ ਸੀਨੀਅਰ ਮੈਡੀਕਲ ਆਫਿਸਰ ਆਪਣੇ ਹੇਠਲੇ ਜੂਨੀਅਰ ਡਾਕਟਰਾਂ ਤੋਂ ਉਨ੍ਹਾਂ ਦੀ ਨੌਕਰੀ ਖੋਹ ਲੈਣ ਦੀ ਧਮਕੀ ਦੇ ਕੇ ਸਰਕਾਰ ਵੱਲੋਂ ਦਿੱਤੇ ਜਾਂਦੇ ਮਾਸਿਕ ਇਨਸੈਂਟਿਵ ਵਿੱਚੋਂ ਹਰ ਮਹੀਨੇ ਰਿਸ਼ਵਤ ਲੈਂਦਾ ਸੀ। ਡਾਕਟਰਾਂ ਨੇ ਇਸਦੀ ਸ਼ਿਕਾਇਤ ਜਦੋਂ ਵਿਜੀਲੈਂਸ ਨੂੰ ਕੀਤੀ ਤਾਂ ਕੱਲ੍ਹ ਇੱਕ ਵਿਜੀਲੈਂਸ ਟੀਮ ਨੇ ਐੱਸ ਐੱਮ ਓ ਡਾ. ਰਾਜੂ ਚੌਹਾਨ ਨੂੰ ਰਿਸ਼ਵਤ ਲੈਂਦੇ ਗ੍ਰਿਫ਼ਤਾਰ ਕਰ ਲਿਆ।ਵਿਜੀਲੈਂਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਮਿਊਨਿਟੀ ਹੈਲਥ ਅਫਸਰ ਡਾ. ਗੁਰਬਖਸ਼ੀਸ਼ ਸਿੰਘ ਨੇ ਕਿਹਾ ਕਿ ਉਹ ਹੈਲਥ ਅਤੇ ਵੈਲਨੈਸ ਸੈਂਟਰ ਅਬਦਾਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਤੈਨਾਤ ਹੈ। ਉਥੇ ਐਸ ਐੱਮ ਓ ਥਰੀਏਵਾਲ ਦੇ ਅੰਦਰ 19 ਹੋਰ ਹੈਲਥ ਅਤੇ ਵੈਲਨੈਸ ਸੈਂਟਰ ਹਨ, ਜਿੱਥੋਂ ਦੇ ਸੀਨੀਅਰ ਮੈਡੀਕਲ ਅਫ਼ਸਰ ਰਾਜੂ ਚੌਹਾਨ ਹਨ। ਡਾਕਟਰ ਰਾਜੂ ਚੌਹਾਨ 9 ਅਪ੍ਰੈਲ ਨੂੰ ਇਥੇ ਤੈਨਾਤ ਹੋਏ ਤਾਂ ਉਨ੍ਹਾਂ ਨੇ ਆਪਣੇ ਹੇਠ ਕੰਮ ਕਰਦੇ 20 ਤੋਂ ਵੱਧ ਡਾਕਟਰਾਂ ਨੂੰ 10 ਅਪ੍ਰੈਲ ਨੂੰ ਮੀਟਿੰਗ ਦੇ ਬਹਾਨੇ ਆਪਣੇ ਕੋਲ ਬੁਲਾਇਆ ਅਤੇ ਸਮੂਹਿਕ ਤੌਰਕਿਹਾ ਕਿ ਇਥੇ ਕੰਮ ਕਰਨ ਵਾਲੇ ਸਾਰੇ ਜੂਨੀਅਰ ਡਾਕਟਰ ਉਸ ਨੂੰ ਮਹੀਨਾਵਾਰ ਰਿਸ਼ਵਤ ਦੇਣ, ਵਰਨਾਉਨ੍ਹਾਂ ਦੀਆਂ ਨੌਕਰੀ ਖਤਰੇ ਵਿੱਚ ਪੈ ਜਾਵੇਗੀ।ਇਸਦੇ ਨਾਲ ਹੀ ਉਸ ਨੇ ਡਾਕਟਰਾਂ ਨੂੰ ਧਮਕੀ ਵਜੋਂ ਕਿਹਾ ਕਿ ਸਰਕਾਰ ਵੱਲੋਂ ਦਿੱਤਾ ਜਾਣ ਵਾਲਾ 15 ਹਜ਼ਾਰ ਰੁਪਏ ਮਹੀਨਾ ਜੋ ਉਨ੍ਹਾਂ ਨੂੰ ਇਨਸੈਂਟਿਵ ਵਜੋਂ ਮਿਲਦਾ ਹੈ, ਉਸ ਵਿੱਚੋਂ ਪ੍ਰਤੀ ਡਾਕਟਰ ਚਾਰ ਹਜ਼ਾਰ ਮਹੀਨਾ ਨਿਯਮਿਤ ਤੌਰ ਉੱਤੇ ਦੇਣ, ਅਜਿਹਾ ਨਾ ਕਰਨ ਉੱਤੇ ਨੌਕਰੀ ਤੋਂ ਹੱਥ ਧੋਣ ਦੀ ਗੱਲ ਵੀ ਐੱਸ ਐੱਮ ਨੇ ਦੁਹਰਾਈ।

ਇਸ ਪਿੱਛੋਂ ਲੱਗਭਗ ਸਾਰੇ ਡਾਕਟਰਾਂ ਨੇ ਆਪਣੀਆਂ ਨੌਕਰੀਆਂ ਬਚਾਉਣ ਲਈ ਸੀਨੀਅਰ ਮੈਡੀਕਲ ਅਫ਼ਸਰ ਰਾਜੂ ਚੌਹਾਨ ਨੂੰ ਚਾਰ ਹਜ਼ਾਰ ਰੁਪਏ ਮਹੀਨਾ ਦੇ ਦਿੱਤਾ। ਕੁਝ ਡਾਕਟਰਾਂ ਨੇ ਉਸ ਨੂੰ ਦੋ-ਦੋ ਹਜ਼ਾਰ ਦੇ ਹਿਸਾਬ ਮਹੀਨਾ ਦਿੱਤਾ ਤਾਂ ਡਾ. ਚੌਹਾਨ ਨੇ ਨਾਰਾਜ਼ਗੀ ਜਤਾਈ। ਉਸ ਦੇ ਇਸ ਰਵੱਈਏ ਉੱਤੇ ਜੂਨੀਅਰ ਡਾਕਟਰਾਂ ਨੇ ਉਸ ਨੂੰ ਸਬਕ ਸਿਖਾਉਣ ਲਈ ਅੰਮ੍ਰਿਤਸਰ ਬਾਰਡਰ ਰੇਂਜ ਦੇ ਐਸ ਐਸ ਪੀ ਵਿਜੀਲੈਂਸ ਪਰਮਪਾਲ ਸਿੰਘ ਨੂੰ ਸ਼ਿਕਾਇਤ ਦਿੱਤੀ। ਐਸ ਐਸ ਪੀ ਪਰਮਪਾਲ ਸਿੰਘ ਦੇ ਕਹੇ ਉੱਤੇ ਡੀ ਐਸ ਪੀ ਵਿਜੀਲੈਂਸ ਹਰਪ੍ਰੀਤ ਸਿੰਘ ਦੀ ਟੀਮ ਨੇ ਟ੍ਰੈਪ ਲਾ ਕੇ ਚਾਰ ਹਜ਼ਾਰ ਰੁਪਏ ਰਿਸ਼ਵਤ ਦੀ ਕਿਸ਼ਤ ਲੈਂਦੇ ਡਾ. ਰਾਜੂ ਚੌਹਾਨ ਨੂੰ ਗ੍ਰਿਫ਼ਤਾਰ ਕਰ ਲਿਆ।ਐਸ ਐਸ ਪੀ ਪਰਮਪਾਲ ਸਿੰਘ ਨੇ ਕਿਹਾ ਕਿ ਗ੍ਰਿਫ਼ਤਾਰ ਡਾ: ਰਾਜੂ ਚੌਹਾਨ ਦੇ ਵਿਰੁੱਧ ਭ੍ਰਿਸ਼ਟਾਚਾਰ ਕਾਨੂੰਨ ਹੇਠ ਕੇਸ ਦਰਜ ਕਰ ਲਿਆ ਹੈ।

# ਜਲੰਧਰ ’ਚ ਬਾਹਰਲੇ ਸੂਬਿਆਂ ਤੋਂ ਤੇਜ਼ੀ ਨਾਲ ਆਉਣ ਲੱਗੇ ਮਰੀਜ਼

**ਜਲੰਧਰ।** ਜਲੰਧਰ ਵਿੱਚ ਦੂਜੇ ਸ਼ਹਿਰਾਂ ਦੇ ਮੁਕਾ-ਬਲੇ ਆਕਸੀਜਨ ਵਾਲੇ ਬੈੱਡ ਜ਼ਿਆਦਾ ਹੋਣ ਕਾਰਨ ਇੱਥੇ ਬਾਹਰਲੇ ਸੂਬਿਆਂ ਦੇ ਮਰੀਜ਼ ਤੇਜ਼ੀ ਨਾਲ ਆ ਰਹੇ ਹਨ। ਡੀਸੀ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਜਲੰਧਰ ਵਿੱਚ 136 ਮਰੀਜ਼ ਦੂਜੇ ਸੂਬਿਆਂ ਤੋਂ ਆ ਕੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਹਨ। ਪੰਜਾਬ ਦੇ ਹੋਰ ਜ਼ਿਲ੍ਹਿਆਂ ਤੋਂ ਵੀ ਮਰੀਜ਼ ਜਲੰਧਰ ਦੇ ਹਸਪਤਾਲਾਂ ਵਿੱਚ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਜਲੰਧਰ ਵਿੱਚ ਆਈਸੀਯੂ ਵਾਲੇ ਬੈੱਡ 85 ਫ਼ੀਸਦੀ ਤੋਂ ਵੱਧ ਭਰ ਚੁੱਕੇ ਹਨ ਤੇ ਆਕਸੀਜਨ ਵਾਲੇ ਬੈੱਡ ਅਜੇ 600 ਤੋਂ ਵੱਧ ਖਾਲੀ ਹਨ। ਨਿੱਜੀ ਹਸਪਤਾਲਾਂ ਨੂੰ 338 ਸਿਲੰਡਰ ਵਾਧੂ ਸਪਲਾਈ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕੋਵਿਡ-19 ਦੇ ਮਰੀਜ਼ਾਂ ਦਾ ਇਲਾਜ ਕਰਨ ਵਾਲੇ ਸਮੁੱਚੇ ਪ੍ਰਾਈਵੇਟ ਹਸਪਤਾਲਾਂ ਦੀ ਇੱਕ ਵਰਚੁਅਲ ਮੀਟਿੰਗ ਕੀਤੀ ਗਈ ਸੀ ਜਿਸ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਹਾਜ਼ਰੀ ਵਿੱਚ ਹੀ ਨਿੱਜੀ ਹਸਪਤਾਲਾਂ ਵੱਲੋਂ ਆਪਣੇ ਲਈ ਆਕਸੀਜਨ ਕੋਟਾ ਤੈਅ ਕੀਤਾ ਗਿਆ। ਨਿੱਜੀ ਹਸਪਤਾਲਾਂ ਨੂੰ ਅਲਾਟ ਕੀਤੇ ਜਾਣ ਵਾਲੇ ਸਿਲੰਡਰਾਂ ਦੀ ਗਿਣਤੀ ਹੁਣ ਪ੍ਰਤੀ ਦਿਨ ਕੁੱਲ ਸਿਲੰਡਰ 2385 ਹੋ ਗਈ ਹੈ।



# ਆਂਧਰਾ ਵਿੱਚ ਆਕਸੀਜਨ ਦੀ ਘਾਟ ਕਾਰਨ 16 ਕਰੋਨਾ ਮਰੀਜ਼ਾਂ ਨੇ ਦਮ ਤੋੜਿਆ

**ਹੈਦਰਾਬਾਦ ।** ਆਂਧਰਾ ਪ੍ਰਦੇਸ਼ ਦੇ ਦੋ ਵੱਖ ਵੱਖ ਹਸਪਤਾਲਾਂ ਵਿੱਚ ਆਕਸੀਜਨ ਦੀ ਘਾਟ ਕਾਰਨ ਕਰੋਨਾ ਦੇ 16 ਮਰੀਜ਼ਾਂ ਦੀ ਮੌਤ ਹੋ ਗਈ। ਬੀਤੀ ਸ਼ਾਮ ਆਕਸੀਜਨ ਨਾ ਮਿਲਣ ਕਾਰਨ ਅਨੰਤਪੁਰ ਸਰਵਜਨ ਸਰਕਾਰੀ ਹਸਪਤਾਲ ਵਿੱਚ 11 ਅਤੇ ਕੁਰਨੂਲ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਪੰਜ ਮਰੀਜ਼ਾਂ ਨੇ ਦਮ ਤੋੜ ਦਿੱਤਾ। ਪੀੜਤਾਂ ਦੇ ਰਿਸ਼ਤੇਦਾਰਾਂ ਨੇ ਦੋਸ਼ ਲਾਇਆ ਕਿ ਅਨੰਤਾ ਸਰਵਜਨ ਸਰਕਾਰੀ ਹਸਪਤਾਲ ਵਿੱਚ ਆਕਸੀਜਨ ਦੀ ਸਪਲਾਈ ਨਾ ਹੋਣ ਕਾਰਨ ਮੌਤਾਂ ਹੋਈਆਂ ਹਨ। ਉਨ੍ਹਾਂ ਨੇ ਹਸਪਤਾਲ ਦੇ ਸਟਾਫ਼ ’ਤੇ ਅਣਗਹਿਲੀ ਵਰਤਣ ਦਾ ਦੋਸ਼ ਵੀ ਲਾਇਆ। ਹਾਲਾਂਕਿ ਹਸਪਤਾਲ ਦੇ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਇਹ ਮੌਤਾਂ ਕਰੋਨਾ ਕਾਰਨ ਹੋਈਆਂ ਹਨ। ਪ੍ਰਸ਼ਾਸਨ ਜਾਂਚ ਕਰਵਾਉਣ ਬਾਰੇ ਵਿਚਾਰ ਕਰ ਰਿਹਾ ਹੈ। ਕੁਰਨੂਲ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਆਕਸੀਜਨ ਸਪਲਾਈ ਦੀ ਘਾਟ ਕਾਰਨ ਪੰਜ ਕਰੋਨਾ ਪੀੜਤ ਮਰੀਜ਼ਾਂ ਨੇ ਦਮ ਤੋੜ ਦਿੱਤਾ। ਹਸਪਤਾਲ ਕੋਲ ਕੋਵਿਡ-19 ਮਰੀਜ਼ਾਂ ਨੂੰ ਦਾਖ਼ਲ ਕਰਨ ਦੀ ਮਨਜ਼ੂਰੀ ਨਹੀਂ ਹੈ। ਜ਼ਿਲ੍ਹਾ ਕੁਲੈਕਟਰ ਵੀਰਾਪਾਂਡਿਅਨ ਨੇ ਸਾਰੇ ਕੋਵਿਡ ਮਰੀਜ਼ਾਂ ਨੂੰ ਤੁਰੰਤ ਕੁਰਨੂਲ ਦੇ ਸਰਕਾਰੀ ਜਨਰਲ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਦਾ ਹੁਕਮ ਦੇ ਦਿੱਤਾ ਹੈ ਅਤੇ ਪ੍ਰਾਈਵੇਟ ਹਸਪਤਾਲ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# ਸੀ ਆਈ ਏ ਸਟਾਫ ਦਾ ਥਾਣੇਦਾਰ ਰਿਸ਼ਵਤ ਲੈਂਦਾ ਫੜਿਆ ਗਿਆ

**ਤਰਨਤਾਰਨ।** ਵਿਜੀਲੈਂਸ ਟੀਮ ਨੇ ਇਸ ਜ਼ਿਲ੍ਹੇ ਵਿੱਚ ਇੱਕ ਥਾਣੇਦਾਰ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੋਂ ਫੜਿਆ ਅਤੇ ਥਾਣਾ ਵਿਜੀਲੈਂਸ ਵਿੱਚ ਕੇਸ ਦਰਜ ਕਰ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਮਿਲੀ ਜਾਣਕਾਰੀ ਅਨੁਸਾਰ ਮੰਗਲ ਸਿੰਘ ਪੁੱਤਰ ਦਾਰਾ ਸਿੰਘ ਵਾਸੀ ਭਿਖੀਵਿੰਡ ਨੂੰ ਕਿਸੇ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਕੇਇਸ ਜ਼ਿਲ੍ਹੇ ਦੇ ਸੀ ਆਈ ਏ ਸਟਾਫ ਵਿੱਚ ਏ ਐਸ ਆਈ ਲਖਵਿੰਦਰ ਸਿੰਘ ਕੁਝ ਸਮੇਂ ਤੋਂ ਧਮਕਾ ਰਿਹਾ ਸੀ, ਜਿਸ ਦੇ ਬਦਲੇ 10 ਹਜ਼ਾਰ ਰੁਪਏ ਰਿਸ਼ਵਤ ਮੰਗੀ ਸੀ। ਮੰਗਲ ਸਿੰਘ ਕਾਫ਼ੀ ਸਮੇਂ ਤੋਂ ਮਾਨਸਿਕ ਤੌਰ ਉੱਤੇ ਪਰੇਸ਼ਾਨ ਸੀ। ਉਸ ਨੇ ਵਿਜੀਲੈਂਸ ਵਿਭਾਗ ਨੂੰ ਸੰਪਰਕ ਕਰ ਕੇ ਸ਼ਿਕਾਇਤ ਦਿੱਤੀ।ਡੀ ਐਸ ਪੀ ਵਿਜੀਲੈਂਸ ਹਰਜਿੰਦਰ ਸਿੰਘ ਆਪਣੀ ਟੀਮ ਨਾਲ ਕੱਲ੍ਹ ਮਿਥੇ ਸਮੇਂ ਉੱਤੇ ਸੀ ਆਈ ਏ ਸਟਾਫ ਨੇੜੇ ਚਲੇ ਗਏ। ਜਦੋਂ ਮੰਗਲ ਸਿੰਘ ਨੇ ਏ ਐਸ ਆਈ ਲਖਵਿੰਦਰ ਸਿੰਘ ਨੂੰ 500 ਰੁਪਏ ਦੇ 20 ਨੋਟ ਦਿੱਤੇ ਤਾਂ ਡੀ ਐਸ ਪੀ ਹਰਜਿੰਦਰ ਸਿੰਘ ਨੇ ਏ ਐਸ ਆਈ ਨੂੰ ਮੌਕੇ ਉੱਤੇਫੜ ਲਿਆ। ਇਸ ਬਾਰੇ ਡੀ ਐਸ ਪੀ ਹਰ-ਜੰਦਰ ਸਿੰਘ ਨੇ ਦੱਸਿਆ ਕਿ ਐਸ ਐਸ ਪੀ ਵਿਜੀਲੈਂਸ ਦੇ ਹੁਕਮਾਂ ਉੱਤੇ ਇਹ ਕਾਰਵਾਈ ਕੀਤੀ ਗਈ ਹੈ, ਜਿਸ ਦੀ ਅਗਲੀ ਜਾਂਚ ਜਾਰੀ ਰਹੇਗੀ।



# ਹਰਿਆਣਾ ਵਿਚ ਲੱਗਿਆ ਇਕ ਹਫਤੇ ਦਾ ਮੁਕੰਮਲ ਲਾਕਡਾਉਂਨ,ਅਨਿਲ ਵਿਜ ਨੇ ਦਿਤੇ ਨਿਰਦੇਸ਼

**ਚੰਡੀਗੜ / ਪੰਚਕੁਲਾ (ਦੀਪਕ ਸ਼ਰਮਾ)** ਕੋਰੋਨਾ ਵਿਸਾਣੂ ਦੇ ਵੱਧ ਰਹੇ ਸੰਕਟ ਦੇ ਵਿਚਾਲੇ, ਪੂਰੇ ਹਰਿਆਣਾ ਵਿਚ ਇਕ ਹਫਤੇ ਦਾ ਲਾਕਡਾਉਂਨ ਲਾਗੂ ਕੀਤਾ ਗਿਆ ਹੈ । ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਇਹ ਜਾਣਕਾਰੀ ਦਿੱਤੀ । ਉਨਾਂ ਕਿਹਾ ਕਿ 3 ਮਈ ਤੋਂ 7 ਦਿਨਾਂ ਤੱਕ ਸਾਰੇ ਹਰਿਆਣਾ ਵਿਚ ਮੁਕੰਮਲ ਤਾਲਾਬੰਦੀ ਰਹੇਗੀ । ਹਰਿਆਣਾ ਲਾਕਡਾਉਂਨ ਦਿਸਾ ਨਿਰਦੇਸਾਂ ਦੌਰਾਨ, ਸਾਰੇ ਲੋੜੀਂਦੇ ਕੰਮਾਂ ਵਿੱਚ ਲੱਗੇ ਲੋਕਾਂ ਨੂੰ ਛੋਟ ਦਿੱਤੀ ਜਾਵੇਗੀ । ਇਸ ਤੋਂ ਪਹਿਲਾਂ, ਹਰਿਆਣਾ ਸਰਕਾਰ ਨੇ ਸੁੱਕਰਵਾਰ ਨੂੰ ਹਰਿਆਣਾ ਦੇ ਨੌਂ ਜਲ਼ਿਆਂ, ਪੰਚਕੁ-ਲਾ, ਗੁਰੂਗ੍ਰਾਮ, ਫਰੀਦਾਬਾਦ, ਸੋਨੀਪਤ, ਰੋਹਤਕ, ਕਰਨਾਲ, ਹਿਸਾਰ, ਸਿਰਸਾ ਅਤੇ ਫਤਿਹਾਬਾਦ ਵਿਚ ਵੀਕਐਂਡ ਤਾਲਾਬੰਦੀ ਦਾ ਐਲਾਨ ਕੀਤਾ ਸੀ, ਪਰ ਹੁਣ ਪੂਰੇ ਰਾਜ ਵਿਚ ਮੁਕੰਮਲ ਤਾਲਾਬੰਦੀ ਲਾਗੂ ਕਰ ਦਿਤੀ ਗਈ ਹੈ ।



ਆਦੇਸ ਵਿੱਚ ਕਿਹਾ ਗਿਆ ਹੈ ਕਿ ਲੋਕਾਂ ਨੂੰ ਲਾਕਡਾ ਅਵਧੀ ਦੌਰਾਨ ਘਰ ਦੇ ਅੰਦਰ ਹੀ ਰਹਿਣਾ ਚਾਹੀਦਾ ਹੈ । ਕੋਈ ਵੀ ਵਿਅਕਤੀ ਆਪਣੇ ਘਰ ਨੂੰ ਨਹੀਂ ਛੱਡੇਗਾ ਜਾਂ ਇਸ ਦੌਰਾਨ, ਕੋਈ ਵੀ ਸੜਕ ਜਾਂ ਜਨਤਕ ਸਥਾਨ ਤੇ ਪੈਦਲ ਜਾਂ ਵਾਹਨ ਯਾਤਰਾ ਜਾਂ ਸਟੈਂਡ ਜਾਂ ਜਨਤਕ ਸਥਾਨ ‘ਤੇ ਨਹੀਂ ਦਿਖਾਈ ਦੇਣਾ ਚਾਹੀਦਾ । ਹਾਲਾਂਕਿ, ਲੋੜੀਂਦੀਆਂ ਚੀਜਾਂ ਦੇ ਨਿਰਮਾਣ ਵਿਚ ਲੱਗੇ ਲੋਕਾਂ ਅਤੇ ਦੋਵਾਂ ਜਰੂਰੀ ਅਤੇ ਗੈਰ-ਜਰੂਰੀ ਚੀਜਾਂ ਅਤੇ ਪ੍ਰੀਖਿਆ ਲਈ ਆਉਣ ਵਾਲੇ ਲੋਕਾਂ ਦੀ ਆਵਾਜਾਈ ‘ਤੇ ਕੋਈ ਪਾਬੰਦੀ ਨਹੀਂ ਹੋਵੇਗੀ । ਰੈਸਟੋਰੈਂਟ, ਖਾਣ ਪੀਣ ਦੀਆਂ ਥਾਵਾਂ, ਹੋਟਲ, ਖਾਣੇ ਦੇ ਜੋਇੰਟ ਜਾਂ ਵੱਖ-ਵੱਖ ਮਾਲ ਸਿਰਫ ਘਰਾਂ ਵਿਚ ਡਿਲਿਵਰੀ ਲਈ ਖੋਲੇ ਜਾ ਸਕਦੇ ਹਨ । ਹਵਾਈ ਅੱਡਿਆਂ, ਰੇਲਵੇ ਸਟੇਸਨਾਂ ਜਾਂ ਆਈ.ਐਸ.ਬੀ.ਟੀ ਤੋਂ ਆਉਣ ਜਾਂ ਜਾਉਣ ਵਾਲੇ ਵਿਅਕਤੀਆਂ ਨੂੰ ਛੋਟ ਦਿੱਤੀ ਗਈ ਹੈ ।

# ਕੋਟਕਪੂਰਾ ਪੁਲਸ ਵੱਲੋਂ ਸੀਆਈਏ ਸਟਾਫ ਦੀ ਮਦਦ ਨਾਲ 1900 ਨਸ਼ੀਲੀਆਂ ਗੋਲੀਆਂ ਸਣੇ ਇੱਕ ਕਾਬੂ

**ਕੋਟਕਪਰਾ (ਰੋਹਿਤ ਆਜ਼ਾਦ)** ਜਿਲ੍ਹਾ ਪੁਲਸ ਮੁਖੀ ਸਰਦਾਰ ਸਵਰਨਦੀਪ ਸਿੰਘ ਦੀਆਂ ਹਦਾਇਤਾਂ ਦੇ ਚੱਲਦਿਆਂ ਮਾੜੇ ਅਨਸਰਾਂ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਹੋਇਆਂ ਐਸਆਈ ਗੁਰਚਰਨ ਸਿੰਘ ਥਾਣਾ ਸਿਟੀ ਕੋਟਕਪੂਰਾ ਤੋਂ ਮਿਲੀ ਜਾਣਕਾਰੀ ਮੁਤਾਬਕ ਕੋਟਕਪੂਰਾ ਪੁਲਸ ਵੱਲੋਂ ਡੀਐਸਪੀ ਕੋਟਕਪੂਰਾ ਸਰਦਾਰ ਬਲਕਾਰ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਇੰਸਪੈਕਟਰ ਗੁਰਮੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ ਕੋਟਕਪੂਰਾ ਅਤੇ ਐਸਆਈ ਬਲਵਿੰਦਰ ਸਿੰਘ ਸੀ.ਆਈ.ਏ ਸਟਾਫ ਜੈਤੋ ਦੀ ਨਿਗਰਾਨੀ ਹੇਠ ਨਸ਼ਾ ਤਸਕਰਾਂ ਦੇ ਖਿਲਾਫ ਵਿੱਢੀ ਗਈ ਸਪੈਸਲ ਮੁਹਿੰਮ ਤਹਿਤ ਸਹਾਇਕ ਥਾਣੇਦਾਰ ਰਾਜ ਕੁਮਾਰ ਸੀ.ਆਈ.ਏ ਸਟਾਫ ਜੈਤੋ ਕਰਮਚਾਰੀਆਂ ਦੇ ਨਾਲ ਨੇੜੇ ਮਿਲਨ ਪੈਲੇਸ ਮੋਗਾ ਰੋਡ ਕੋਟਕਪੂਰਾ ਵਿਖੇ ਨਾਕਾਬੰਦੀ ਦੌਰਾਣ ਵਹੀਕਲਾਂ ਦੀ ਚੈਕਿੰਗ ਕਰ ਰਹੇ ਸਨ ਤਾਂ ਮੋਗਾ ਰੋਡ ਤੋਂ ਇੱਕ ਮੋਨਾ ਨੌਜਵਾਨ ਜੋ ਕਿ ਮੋਟਰਸਾਈਕਲ ਤੇ ਆ ਰਿਹਾ ਸੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਹ ਇਕਦਮ ਘਾਬਰਕੇ ਪਿੱਛੇ ਨੂੰ ਮੁੜਨ ਲੱਗਾ ਅਤੇ ਉਸਨੇ ਮੋਟਰਸਾਈਕਲ ਦੇ ਹੈਂਡਲ ਨਾਲ ਲਟਕ ਰਿਹਾ ਕਾਲਾ ਲਿਫਾਫਾ ਖੇਤਾਨਾਂ ਵਿੱਚ ਸੁੱਟ ਦਿੱਤਾ ਜਿਸ ਕਰਕੇ ਉਸ ਕਾਲੇ ਲਿਫਾਫੇ ਵਿਚ ਪਏ ਨਸ਼ੀਲੀਆਂ ਗੋਲੀਆਂ ਦੇ ਪੱਤੇ ਖਿੱਲਰ ਗਏ ਤੇ ਮੋਟਰਸਾਈਕਲ ਵਾਲਾ ਮੋਗਾ ਰੋਡ ਨੂੰ ਭੱਜਣ ਲੱਗਿਆ ਤਾਂ ਉਸਦਾ ਮੋਟਰਸਾਈਕਲ ਬੰਦ ਹੋ ਗਿਆ ਜਿਸਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕੀਤਾ ਗਿਆ ਅਤੇ ਐਸਆਈ ਬਲਵਿੰਦਰ ਸਿੰਘ ਸੀ.ਆਈ.ਏ ਸਟਾਫ ਜੈਤੋ ਮੌਕੇ ਤੇ ਪੁੱਜੇ ਤੇ ਉਕਤ ਵਿਅਕਤੀ ਫਕੀਰੀਆ ਉਰਫ ਤਰਸ਼ ਪੁੱਤਰ ਕਿਰਪਾਲ ਸਿੰਘ ਪੁੱਤਰ ਅਮਰ ਸਿੰਘ ਵਾਸੀ ਸਿਰਸੜੀ ਤਹਿਸੀਲ ਕੋਟਕਪੂਰਾ ਜਿਲ੍ਹਾ ਫਰੀਦਕੋਟ ਨੂੰ ਕਾਬੂ ਕਰਕੇ ਉਸ ਪਾਸੋਂ ਕੁੱਲ 190 ਪੱਤੇ ਨਸ਼ੀਲੀਆਂ ਗੋਲੀਆਂ ਹਰੇਕ ਪੱਤੇ ਵਿੱਚ 10 ਗੋਲੀਆਂ ਦੇ ਹਿਸਾਬ ਨਾਲ ਪੂਰੀਆਂ 1900 ਨਸ਼ੀਲੀਆਂ ਗੋਲੀਆਂ, ਜਿੰਨਾਂ ਵਿੱਚ NRX Tramadol Hydrocholoride 100 MG, Calvidol-100 SR, Batch No.-21A-T080 MFG. Date- April 2021 To Exp.- March 2023, Manufacturing By Orison Pharma International Khari, Mauza Olgi Kala Amb (173030) H.P ਲਿਖਿਆ ਹੋਇਆ ਹੈ (ਕੁੱਲ 1900 ਨਸ਼ੀਲੀਆਂ ਗੋਲੀਆਂ) ਬ੍ਰਾਮਦ ਕੀਤੀਆਂ ਗਈਆਂ ਹਨ ਅਤੇ ਦੋਸ਼ੀ ਫਕੀਰੀਆ ਉਰਫ ਤਰਸ਼ ਨੂੰ ਅੱਜ ਮਾਨਯੋਗ ਫਰੀਦਕੋਟ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਿਲ ਕੀਤਾ ਜਾ ਰਿਹਾ ਹੈ ਤਾਂ ਜੋ ਹੋਰ ਪੁੱਛਗਿੱਛ ਕੀਤੀ ਜਾ ਸਕੇ ਅਤੇ ਇਹ ਗੋਲੀਆਂ ਕਿਥੋਂ ਲਿਆਂਦਾ ਸੀ ਤੇ ਅੱਗੇ ਕਿੱਥੇ ਵੇਚਦਾ ਸੀ ਇਸਦਾ ਪਤਾ ਲਗਾਇਆ ਜਾ ਸਕੇ।

# ਗੁ: ਗੁਰੂ ਕੇ ਮਹਿਲ ਵਿਖੇ ਦਮਦਮੀ ਟਕਸਾਲ ਦੀ ਅਗਵਾਈ ਹੇਠ ਚੱਲ ਰਹੇ ਲੰਗਰਾਂ ਦੀ ਸੰਪੂਰਨਤਾ ਦੀ ਹੋਈ ਅਰਦਾਸ



**ਅੰਮ੍ਰਿਤਸਰ (ਕੁਲਵੰਤ ਸਿੰਘ ਵਿਰਦੀ)** ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਸਾਹਿਬ ਦੇ ਪਾਵਨ 400 ਸੌ ਸਾਲਾ ਪ੍ਰਕਾਸ਼ ਗੁਰ-ਪੁਰਬ ਮੌਕੇ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਦਮਦਮੀ ਟਕਸਾਲ (ਜਥਾ ਭਿੰਡਰਾਂ ਮਹਿਤਾ) ਵੱਲੋਂ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਯੋਗ ਅਗਵਾਈ ਹੇਠ ਗੁਰਦੁਆਰਾ ਸ੍ਰੀ ਗੁਰੂ ਕੇ ਮਹਿਲ ਸਾਹਿਬ ਵਿਖੇ 21 ਅਪ੍ਰੈਲ ਤੋਂ ਲਗਾਏ ਗਏ ਲੰਗਰ ਪ੍ਰਤੀ ਅੱਜ ਸੰਪੂਰਨਤਾ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਦਮਦਮੀ ਟਕਸਾਲ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੂੰ ਸਨਮਾਨਿਤ ਕੀਤਾ। ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਨਾਲ ਸੰਬੰਧਿਤ ਸ਼ਤਾਬਦੀਆਂ ਦਾ ਸਾਡੇ ਜੀਵਨ ਵਿਚ ਆਉਣ ਸਾਡੇ ਲਈ ਵੱਡੇ ਭਾਗਾਂ ਵਾਲੀ ਗਲ ਹੈ। ਉਨ੍ਹਾਂ ਸੰਗਤ ਨੂੰ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ ਦੀ ਅਪੀਲ ਕੀਤੀ। ਪ੍ਰੋ: ਸਰਚਾਂਦ ਸਿੰਘ ਅਨੁਸਾਰ ਗੁਰੂ ਸਾਹਿਬ ਦੇ ਸਨਮੁੱਖ ਸੰਪੂਰਨਤਾ ਦੀ ਅਰਦਾਸ ਗੁਰਦੁਆਰਾ ਸਾਹਿਬ ਦੇ ਭੋਰਾ ਸਾਹਿਬ ਵਿਖੇ ਭਾਈ ਗੁਰਚਰਨ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਸਿੰਘ ਸਾਹਿਬਾਨ ਤੇ ਵਿਸ਼ੇਸ਼ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਸਤਨਾਮ ਸਿੰਘ ਕਾਰਸੇਵਾ ਕਿਲ੍ਹਾ ਨੰਦਗੜ੍ਹ, ਬਾਬਾ ਮੇਜਰ ਸਿੰਘ ਵਾਂ, ਸੰਤ ਬਾਬਾ ਸੁੱਚਾ ਸਿੰਘ, ਭਾਈ ਰਜਿੰਦਰ ਸਿੰਘ ਮਹਿਤਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਫੈਡਰੇਸ਼ਨ ਪ੍ਰਧਾਨ ਅਮਰਬੀਰ ਸਿੰਘ ਢੋਟ, ਗਿਆਨੀ ਜੀਵਾ ਸਿੰਘ, ਗਿਆਨੀ ਸਾਹਿਬ ਸਿੰਘ, ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ, ਬਾਬਾ ਸੂਬਾ ਸਿੰਘ, ਜਥੇਦਾਰ ਜਰਨੈਲ ਸਿੰਘ, ਜਥੇ: ਸੁਖਦੇਵ ਸਿੰਘ ਅਨੰਦਪੁਰ, ਭਾਈ ਜਗਤਾਰ ਸਿੰਘ ਮਿਆਣੀ, ਭਾਈ ਸਤਨਾਮ ਸਿੰਘ, ਭਾਈ ਪ੍ਰਕਾਸ਼ ਸਿੰਘ, ਭਾਈ ਪ੍ਰਗਟ ਸਿੰਘ ਸਖੀਰਾ, ਭਾਈ ਬਲਜਿੰਦਰ ਸਿੰਘ, ਗਿਆਨੀ ਹੀਰਾ ਸਿੰਘ ਮਨਿਆਲਾ ਪ੍ਰਚਾਰਕ, ਭਾਈ ਜਸਕਰਨ ਸਿੰਘ, ਭਾਈ ਤਰਸੇਮ ਸਿੰਘ, ਕੁਲਵਿੰਦਰ ਸਿੰਘ, ਭਾਈ ਹਰਨਾਮ ਸਿੰਘ, ਭਾਈ ਕਾਰਜ ਸਿੰਘ, ਸਾਹਿਬ ਸਿੰਘ ਕਿਰਲਗੜ, ਜੱਜ ਸਿੰਘ, ਬਿੰਦਰ ਸਿੰਘ ਢਿਲਵਾਂ, ਹਰਭਜਨ ਸਿੰਘ ਭੂਸੇ, ਅਜਮੇਰ ਸਿੰਘ ਧਰਦੇਹ, ਗੁਰਪ੍ਰੀਤ ਸਿੰਘ ਖੇਲਾਂ, ਹਰਪਾਲ ਸਿੰਘ ਅੰਮ੍ਰਿਤਸਰ, ਬਲਵਿੰਦਰ ਸਿੰਘ ਨੋਨਾ, ਜਸਕਰਨ ਸਿੰਘ ਭੂਰਾ, ਕੁਲਵਿੰਦਰ ਸਿੰਘ ਉਸਮਾ, ਸ਼ਮਸ਼ੇਰ ਸਿੰਘ ਜੇਠੂਵਾਲ, ਭਾਈ ਅਰਸ਼ਦੀਪ ਸਿੰਘ ਰੰਧਾਵਾ ਅਤੇ ਸਰਚਾਂਦ ਸਿੰਘ ਮੌਜੂਦ ਸਨ।

# ਕੈਮਿਸਟ ਨਹੀਂ ਵੇਚ ਸਕਣਗੇ ਰੈਮੇਡਸਿਵਿਰ ਇੰਜੈਕਸਨ, ਸਿਹਤ ਵਿਭਾਗ ਪ੍ਰਾਈਵੇਟ ਹਸਪਤਾਲਾਂ ਨੂੰ ਦੇਵੇਗਾ ਟੀਕੇ

**ਚੰਡੀਗੜ (ਦੀਪਕ ਸ਼ਰਮਾ)** ਕੋਰੋਨਾ ਸੰਕ੍ਰਮਣ ਦੇ ਦੂਸਰੇ ਵਾਧੇ ਤੋਂ ਬਾਅਦ ਇਹ ਲਾਗ ਤੇਜੀ ਨਾਲ ਫੈਲ ਰਹੀ ਹੈ । ਇਸਦੇ ਨਾਲ, ਰੈਮੇਡਸਿਵਿਰ ਟੀਕੇ ਦੀ ਮੰਗ ਵੀ ਵੱਧ ਗਈ ਹੈ । ਇਸ ਦੀ ਕਾਲਾਬਾਜ਼ਾਰੀ ਕਾਰਨ ਸਿਹਤ ਵਿਭਾਗ ਨੇ ਹੁਣ ਆਦੇਸ ਜਾਰੀ ਕਰਕੇ ਪ੍ਰਾਈਵੇਟ ਕੈਮਿਸਟ ਦੀ ਇੰਜੈਕਸਨ ਸੇਲ ‘ਤੇ ਰੋਕ ਲਗਾ ਦਿਤੀ ਹੈ । ਹੁਣ ਰੈਮੇਡਸਿਵਿਰ ਟੀਕੇ ਚੰਡੀਗੜ ਸਿਹਤ ਵਿਭਾਗ ਨੂੰ ਸਰਕਾਰ ਜਾਂ ਕੰਪਨੀ ਦੇ ਡਿਪੂ ਤੋਂ ਸਿਧਿ ਸਪਲਾਈ ਆਵੇਗੀ । ਕੇਵਲ ਸਿਹਤ ਵਿਭਾਗ ਹੀ ਹੁਣ ਕੋਰੋਨਾ ਦੇ ਮਰੀਜਾਂ ਦਾ ਇਲਾਜ ਕਰਨ ਵਾਲੇ ਨਿੱਜੀ ਹਸਪਤਾਲ ਦੀ ਮੰਗ ਤੇ ਇਹ ਇੰਜੇਕਸ਼ਨ ਸਪਲਾਈ ਕਰੇਗਾ । ਸਿਹਤ ਵਿਭਾਗ ਨਿੱਜੀ ਹਸਪਤਾਲਾਂ ਨੂੰ ਕੋਸਟ ਟੂ ਕੋਸਟ ਦੇ ਆਧਾਰ ਤੇ ਇੰਜੈਕਸਨ ਮੁਹੱਈਆ ਕਰਵਾਏਗਾ । ਸਿਹਤ ਵਿਭਾਗ ਨੇ ਆਪਣੇ ਆਦੇਸ ਵਿੱਚ ਇਹ ਵੀ ਸਪੱਸਟ ਕਰ ਦਿੱਤਾ ਹੈ ਕਿ ਪ੍ਰਾਈਵੇਟ ਹਸਪਤਾਲ ਮਰੀਜ ਨੂੰ ਉਸੇ ਰੇਟ ‘ਤੇ ਰੈਮੇਡਸਿਵਿਰ ਟੀਕੇ ਦੇਵੇਗਾ ਜਿਸ ਤੇ ਸਿਹਤ ਵਿਭਾਗ ਉਨਾਂ ਨੂੰ ਦੇ ਰਿਹਾ ਹੈ । ਉਹ ਮਰੀਜ ਤੋਂ ਇਸ ਤੋਂ ਵੱਧ ਕੀਮਤ ਵਸੂਲ ਨਹੀਂ ਕਰ ਸਕਣਗੇ । ਸਰਕਾਰੀ, ਪ੍ਰਾਈਵੇਟ ਹਸਪਤਾਲ ਰੈਮੇਡਸਵੀਰ ਟੀਕੇ ਦੀ ਜਰੂਰਤ ਪੈਣ ਤੇ ਡਾਇਰੈਕਟਰ ਹੈਲਥ ਸਰਵਿਸਿਜ ਨੂੰ ਬਿਨੈ ਪੱਤਰ ਭੇਜਣਗੇ ਜਾਂ _@.. ਤੇ ਮੇਲ ਕਰਨਗੇ । ਚੰਡੀਗੜ ਸਿਹਤ ਵਿਭਾਗ ਕੇਵਲ ਚੰਡੀਗੜ ਦੇ ਨਿੱਜੀ ਹਸਪਤਾਲਾਂ ਨੂੰ ਟੀਕੇ ਮੁਹੱਈਆ ਕਰਵਾਏਗਾ । ਬਾਹਰਲੇ ਮਰੀਜਾਂ ਨੂੰ ਟੀਕੇ ਨਹੀਂ ਦਿੱਤੇ ਜਾਣਗੇ ।

ਇਹ ਟੀਕਾ ਚੰਡੀਗੜ ਦੀ ਹੱਦ ਅੰਦਰ ਆਉਣ ਵਾਲੇ ਨਿੱਜੀ ਹਸਪਤਾਲਾ ਨੂੰ ਹੀ ਇੰਜੇਕਸ਼ਨ ਦਿੱਤਾ ਜਾਵੇਗਾ । ਇਸ ਦੇ ਲਈ ਜਰੂਰੀ ਦਸਤਾਵੇਜ ਦੇਣੇ ਪੈਣਗੇ । ਉਪਲਬਧਤਾ ਦੇ ਅਨੁਸਾਰ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲਾਂ ਨੂੰ ਟੀਕਾ




ਜਾਰੀ ਕੀਤਾ ਜਾਵੇਗਾ । ਨਿਜੀ ਹਸਪਤਾਲ ਮਰੀਜ ਦੀ ਪੋਸਿਟਿਵ ਭੇਜਣਗੇ ਉਸ ਤੋਂ ਬਾਅਦ ਰੈਮੇਡਸਿਵਿਰ ਦਿਤੀ ਜਾਵੇਗੀ । ਇਸ ਦੀ ਨਿਗਰਾਨੀ ਲਈ ਐਨ.ਆਰ.ਐਚ.ਐਮ ਦੀ ਡਾ. ਚਾਰੂਲ ਸਿੰਗਲਾ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ । ਸਾਰੇ ਪ੍ਰਾਈਵੇਟ ਹਸਪਤਾਲ ਨੋਡਲ ਅਫਸਰ ਨੂੰ ਰਾਜਨਾ ਰਿਪੋਰਟ ਭੇਜਣਗੇ । ਜਿਸ ਹਸਪਤਾਲ ਵਿੱਚ ਜਿਨੇ ਇੰਜੈਕਸਨ ਮਰੀਜ਼ ਨੂੰ ਲਗਾਏ ਜਾਣਗੇ ਉਸਦੀ ਰਿਪੋਰਟ ਦਿਤੀ ਜਾਏਗੀ ।

# ਰਾਜ ਵਿੱਚ ਟੀਊਬਵੈੱਲਾਂ ਦੇ ਬਕਾਇਆ ਬਿਜਲੀ ਕੁਨੈਕਸਨ ਜਲਦ ਦਿੱਤੇ ਜਾਣ: ਚੰਦਰਮੋਹਨ

**ਪੰਚਕਲਾ (ਦੀਪਕ ਸ਼ਰਮਾ)** ਹਰਿਆਣਾ ਦੇ ਸਾਬਕਾ ਉਪ ਮੁੱਖ ਮੰਤਰੀ ਚੰਦਰਮੋਹਨ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਬਿਜਲੀ ਮੰਤਰੀ ਰਣਜੀਤ ਸਿੰਘ ਤੋਂ ਮੰਗ ਕੀਤੀ ਹੈ ਕਿ ਰਾਜ ਵਿਚ ਬਾਕੀ ਟੀਊਬਵੈੱਲਾਂ ਦੇ ਜਲਦੀ ਤੋਂ ਜਲਦੀ ਬਿਜਲੀ ਦੇ ਕੁਨੈਕਸਨ ਮੁਹੱਈਆ ਕਰਵਾਏ ਜਾਣ ਤਾਂ ਜੋ ਪਾਣੀ ਦੀ ਘਾਟ ਕਾਰਨ ਬਰਬਾਦ ਹੋਏ ਫੈਸਲਿਆਂ ਨੂੰ ਬਚਾ ਕੇ ਕਿਸਾਨ ਬਿਹਤਰ ਜੰਿਦਗੀ ਜੀ ਸਕਣ । ਉਨਾਂ ਕਿਹਾ ਕਿ ਹਰਿਆਣਾ ਵਿੱਚ 31 ਦਸੰਬਰ 2018 ਤੋਂ ਬਾਅਦ ਕਿਸਾਨਾਂ ਨੂੰ ਟੀਊਬਵੈੱਲਾਂ ਲਈ ਬਿਜਲੀ ਦੇ ਕੁਨੈਕਸਨ ਨਹੀਂ ਦਿੱਤੇ ਗਏ ਹਨ ।



ਉਨਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਲੁੱਟਣ ਦਾ ਇਕ ਹੋਰ ਵਿਲੱਖਣ ਤਰੀਕਾ ਅਪਣਾਇਆ ਹੈ ਕਿ ਹੁਣ ਠੇਕੇਦਾਰ ਵੱਲੋਂ ਆਪਹੁਦਰੀਆਂ ਕੀਮਤਾਂ ’ਤੇ ਇਲੈਕਟ੍ਰਿਕ ਮੋਟਰਾਂ ਵੀ ਲਗਾਈਆਂ ਜਾਣਗੀਆਂ, ਜਦੋਂ ਕਿ ਪਹਿਲਾਂ ਇਹ ਵਿਵਸਥਾ ਸੀ ਕਿ ਖਪਤਕਾਰ ਆਪਣੀ ਸਹੂਲਤ’ ਤੇ ਬਿਜਲੀ ਦੀਆਂ ਮੋਟਰਾਂ ਖਰੀਦ ਕੇ ਲਗਵਾ ਸਕਦਾ ਸੀ । ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਅਕਤੂਬਰ 2019 ਵਿੱਚ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਜ ਦੇ ਕਿਸਾਨਾਂ ਨੂੰ ਭਰੋਸਾ ਦਿੱਤਾ ਸੀ ਕਿ ਮਾਰਚ 2020 ਤੱਕ ਬਹੁਤੇ ਖਪਤਕਾਰਾਂ ਦੇ ਟੀਊਬਵੈੱਲਾਂ ਨੂੰ ਬਿਜਲੀ ਦੇ ਕੁਨੈਕਸਨ ਦਿੱਤੇ ਜਾਣਗੇ, ਇਸ ਵਾਅਦੇ ਨੂੰ 18 ਮਹੀਨਿਆਂ ਤੋਂ ਵੀ ਵੱਧ ਹੋ ਗਿਆ ਹੈ ਅਤੇ ਫਿਰ ਵੀ ਉਹ ਆਸ ਤੋਂ ਬੇਵੱਸ ਨਜਰ ਆ ਰਹੇ ਹਨ ।ਚੰਦਰ-ਮੋਹਨ ਨੇ ਯਾਦ ਦਿਵਾਇਆ ਕਿ ਚੌਧਰੀ ਭਜਨ ਲਾਲ ਦੇ ਰਾਜ ਸਮੇਂ 1991 ਤੋਂ 1996 ਦੇ ਸਾਲਾਂ ਦੌਰਾਨ 50000 ਤੋਂ ਵੱਧ ਕਿਸਾਨਾਂ ਨੂੰ ਟੀਊਬਬਵੈੱਲਾਂ ਦੇ ਕੁਨੈਕਸਨ ਦਿੱਤੇ ਗਏ ਸਨ । ਭੁਪਿੰਦਰ ਸਿੰਘ ਹੁੱਡਾ ਦੇ ਕਾਰਜਕਾਲ ਦੌਰਾਨ ਵੱਖ-ਵੱਖ ਤੁਰੰਤ ਸਕੀਮਾਂ ਤਹਿਤ 152794 ਤੋਂ ਵੱਧ ਟੀਊਬਵੈਲ ਕੁਨੈਕਸਨ ਕਿਸਾਨਾਂ ਨੂੰ ਦਿੱਤੇ ਗਏ ਸਨ ।ਇਸ ਦੇ ਨਾਲ ਹੀ ਪੇਂਡੂ ਖੇਤਰਾਂ ਦੇ ਕਿਸਾਨਾਂ ਅਤੇ ਟੀਊਬਵੈਲ ਖਪਤਕਾਰਾਂ ਤੋਂ 1600 ਕਰੋੜ ਰੁਪਏ ਦਾ ਬਕਾਇਆ ਵੀ ਮੁਆਫ ਕੀਤਾ ਗਿਆ ਸੀ । ਸੱਤਾ ਹਾਸਲ ਕਰਨ ਲਈ, ਭਾਰਤੀ ਜਨਤਾ ਪਾਰਟੀ ਨੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ 2022 ਤੱਕ ਦੇਸ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ ਅਤੇ ਸਵਾਮੀਨਾਥਨ ਕਮਿਸਨ ਦੀ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ ।

# ਪ੍ਰਸ਼ਾਸਨ ਨੇ ਡੀ-ਟਾਈਪ ਗੈਸ ਸਿਲੰਡਰ ਤੇ ਲਗਨ ਵਾਲਿਆਂ ਨੋਬਸ ਲਈ ਉਦਯੋਗਪਤੀਆਂ ਅਤੇ ਦੁਕਾਨਦਾਰਾਂ ਦੇ ਸਹਿਯੋਗ ਦੀ ਕੀਤੀ ਮੰਗ

**ਚੰਡੀਗੜ (ਦੀਪਕ ਸ਼ਰਮਾ)** ਸਹਿਰ ਵਿਚ ਕੋਰੋਨਾ ਨਾਲ ਪ੍ਰਭਾਵਿਤ ਮਰੀਜਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ । ਜਿਸ ਕਾਰਨ ਸਹਿਰ ਦੇ ਹਸਪਤਾਲਾਂ ਵਿੱਚ ਮਰੀਜਾਂ ਲਈ ਹੋਰ ਬੈਡ ਨਹੀਂ ਬਚੇ ਹਨ । ਅਜਿਹੀ ਸਥਿਤੀ ਵਿੱਚ, ਪ੍ਰਸਾਸਨ ਸਹਿਰ ਦੀਆਂ ਸੰਸਥਾਵਾਂ ਅਤੇ ਐਸੋਸੀਏਸਨਾਂ ਦੇ ਮੈਂਬਰਾਂ ਨੂੰ ਅਪੀਲ ਕਰ ਰਿਹਾ ਹੈ ਕਿ ਉਹ ਸਹਿਰ ਵਿੱਚ ਵੱਧ ਤੋਂ ਵੱਧ ਕੋਵਿਡ ਕੇਅਰ ਸੈਂਟਰ ਬਣਾਉਣ ਤਾਂ ਜੋ ਓਥੇ ਸੰਭਾਵਿਤ ਤੌਰ ‘ਤੇ ਸੰਕਰਮਿਤ ਮਰੀਜਾਂ ਦੀ ਭਰਤੀ ਕੀਤੀ ਜਾ ਸਕੇ ਅਤੇ ਉਹਨਾਂ ਨੂੰ ਇਲਾਜ ਮੁਹੱਈਆ ਹੋ ਸਕੇ ਤਾਂ ਜੋ ਸਹਿਰ ਦੇ ਹਸਪਤਾਲਾਂ ‘ਤੇ ਦਬਾਅ ਘੱਟ ਕੀਤਾ ਜਾ ਸਕੇ । ਸਹਿਰ ਦੀਆਂ ਕਈ ਸੰਸਥਾਵਾਂ ਕੋਵਿਡ ਕੇਅਰ ਸੈਂਟਰ ਖੋਲਣ ਲਈ ਸਹਿਮਤ ਹੋ ਗਈਆਂ ਸੀ ਅਤੇ ਸੈਂਟਰ ਬਣਾਉਣ ਦਾ ਕੰਮ ਸੁਰੂ ਕਰ ਦਿੱਤਾ ਸੀ । ਸ੍ਰੀ ਗੁਰੂਗ੍ਰੰਥ ਸੇਵਾ ਸੁਸਾਇਟੀ ਵੱਲੋਂ 50 ਬੈੱਡਾਂ ਅਤੇ ਕੰਪਿਟ-ਨਟ ਫਾਊਂਡੇਸ਼ਨ ਵਲੋਂ 10 ਬੈਡ ਦਾ ਕੋਵਿਡ ਸੈਂਟਰ ਬਣਾਉਣ ਦਾ ਕੰਮ ਸੁਰੂ ਕੀਤਾ ਗਿਆ ਹੈ । ਇਸ ਤੋਂ ਇਲਾਵਾ ਸੈਨਾ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਇੰਟਰਨੈਸਨਲ ਹੋਸਟਲ ਵਿੱਚ 1000 ਬਿਸਤਰਿਆਂ ਵਾਲਾ ਕੋਵਿਡ ਕੇਅਰ ਸੈਂਟਰ ਬਣਾਇਆ ਜਾ ਰਿਹਾ ਹੈ ।

ਇਸ ਦੌਰਾਨ, ਅੱਜ ਪ੍ਰਸਾਸਨ ਨੇ ਉਦਯੋਗਪਤੀਆਂ ਅਤੇ ਦੁਕਾਨਦਾਰਾਂ ਨੂੰ ਡੀ-ਟਾਈਪ ਗੈਸ ਸਿਲੰਡਰ ਤੇ ਲਗਨ ਵਾਲਿਆਂ ਨੋਬਸ ਦਾ ਪ੍ਰਬੰਧ ਕਰਨ ਦੀ ਅਪੀਲ ਕੀਤੀ ਹੈ । ਪ੍ਰਸਾਸਨ ਨੇ ਕੋਰੋਨਾ ਮਰੀਜਾਂ ਲਈ ਕੇਅਰ ਸੈਂਟਰਾਂ ‘ਤੇ ਸਿਲੰਡਰਾਂ‘ ਤੇ



ਲਗਾਏ ਜਾਣ ਵਾਲੇ ਨੋਬ ਰੈਗੂਲੇਟਰ ਦੇ ਲਈ ਦੁਕਾਨਦਾਰਾਂ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਹੈ । ਪ੍ਰਸਾਸਨ ਵੱਲੋਂ ਇਹ ਕਿਹਾ ਗਿਆ ਹੈ ਕਿ ਉਨਾਂ ਕੋਲ ਸਿਲੰਡਰ ਹਨ ਪਰ ਉਨਾਂ ‘ਤੇ ਲਗਨ ਵਾਲੀ ਨੋਬ ਦੀ ਘਾਟ ਹੈ, ਜੋ ਸੰਕ੍ਰਮਿਤ ਮਰੀਜਾਂ ਦੇ ਇਲਾਜ ਵਿਚ ਰੁਕਾਵਟ ਬਣ ਰਹੀ ਹੈ । ਪ੍ਰਸਾਸਨ ਨੇ ਉਦਯੋਗਪਤੀਆਂ ਅਤੇ ਦੁਕਾਨਦਾਰਾਂ ਨੂੰ ਕਿਹਾ ਹੈ ਕਿ ਸਿਲੰਡਰਾਂ ਦੀਆਂ ਨੋਬਸ ਸੰਬੰਧੀ ਜਿੰਨੀ ਜਲਦੀ ਹੋ ਸਕੇ ਉਨਾਂ ਨਾਲ ਸੰਪਰਕ ਕੀਤਾ ਜਾਵੇ ।

# ਸੀ ਜੇ ਐਮ ਨੇ ਕਿਰਤੀ ਕਾਮਿਆਂ ਨੂੰ ਹੱਕਾਂ ਪ੍ਰਤੀ ਕੀਤਾ ਜਾਗਰੂਕ

**ਕਪਰਥਲਾ।** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਵੱਲੋਂ ਲੇਬਰ ਡੇਅ ਦੇ ਮੌਕੇ ਕਿਰਤੀ ਕਾਮਿਆਂ ਦੇ ਅਧਿਕਾਰਾਂ ਅਤੇ ਉਨ੍ਹਾਂ ਨੂੰ ਮਿਲਦੀਆਂ ਸਹੂਲਤਾਂ, ਕਾਨੂੰਨੀ ਸੇਵਾਵਾਂ ਅਥਾਰਟੀ ਐਕਟ, 1987 ਬਾਰੇ ਜਾਣਕਾਰੀ ਦੇਣ ਦੇ ਮਨੋਰਥ ਨਾਲ ਡੀ.ਸੀ. ਦਫਤਰ ਕੋਲ ਚੱਲ ਰਹੀ ਕੰਸਟਰਕਸ਼ਨ ਸਾਇਟ ਵਿਖੇ ਸੈਮੀਨਾਰ ਲਗਾਇਆ ਗਿਆ। ਸੈਮੀਨਾਰ ਦੀ ਪ੍ਰਧਾਨਗੀ ਸ਼੍ਰੀ ਮਹੇਸ਼ ਕੁਮਾਰ ਸ਼ਰਮਾਂ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟਕਮਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਕਪੂਰਥਲਾ ਵੱਲੋਂ ਕੀਤੀ ਗਈ। ਸੈਮੀਨਾਰ ਦੌਰਾਨ ਹਾਜਰ ਕਿਰਤੀ ਕਾਮਿਆਂ ਨੂੰ ਮਾਣਯੋਗ ਜੱਜ ਸਾਹਿਬ ਵੱਲੋਂ ਨਾਲਸਾ (ਲੀਗਲ ਸਰਵਿਸਜ਼ ਟੂ ਦੀ ਵਰਕਰਜ਼ ਇਨ ਦੀ ਅੰਨਆਰਗੇਨਾਇਜ਼ਡ ਸੈਕਟਰ), ਸਕੀਮ, 2015 ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਕਿਰਤੀ ਕਾਮਿਆਂ ਨੂੰ ਕੋਵਿਡ ਮਹਾਂਮਾਰੀ ਤੋਂ ਬਚਾਅ ਲਈ ਮਾਸਕ ਪਾ ਕੇ ਕੰਮ ਕਰਨ, ਸਮਾਜਿਕ ਦੂਰੀ ਬਣਾ ਰੱਖਣ ਆਦਿ ਸੰਬੰਧੀ ਵੀ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਰਤੀ ਕਾਮੇ ਨੂੰ ਕਿਸੇ ਵੀ ਤਰ੍ਹਾਂ




ਦੀ ਕਾਨੂੰਨੀ ਸਹਾਇਤਾ ਦੀ ਲੋੜ ਹੋਵੇ ਤਾਂ ਉਸ ਵੱਲੋਂ ਟੋਲ ਫ੍ਰੀ ਨੰਬਰ 1968 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹਾ ਮੈਜਿਸਟਰੇਟ ਨੇ ਨਾਈਟ ਤੇ ਸਪਤਾਹਿਕ ਕਰਫਿਊ ਤੋਂ ਇਲਾਵਾ ਲਗਾਈਆਂ ਗਈਆਂ ਪਾਬੰਦੀਆ ਨੂੰ 15 ਮਈ ਤੱਕ ਵਧਾਉਣ ਦੇ ਦਿੱਤੇ ਆਦੇਸ਼

**ਹੁਸ਼ਿਆਰਪੁਰ (ਜਸਵੀਰ ਸਿੰਘ ਪੁਰੇਵਾਲ)** ਜ਼ਿਲ੍ਹੇ ’ਚ ਪਾਬੰਦੀਆਂ ਦੌਰਾਨ ਸਾਰੀਆਂ ਗੈਰ ਜ਼ਰੂਰੀ ਆਵਾਜਾਈ ਤੇ ਗਤੀਵਿਧੀਆਂ ਰਹਿਣਗੀਆਂ ਬੰਦ ਨਿਰਧਾਰਤ ਕੀਤੀਆਂ ਗਈਆਂ ਜ਼ਰੂਰੀ ਸੇਵਾਵਾਂ ਨੂੰ ਕਰਫਿਊ ਦੌਰਾਨ ਰਹੇਗੀ ਛੋਟ ਸਾਰੇ ਤਰ੍ਹਾਂ ਦੇ ਸਮਾਜਿਕ, ਸੰਸਕ੍ਰਿਤ ਤੇ ਖੇਡ ਇਕੱਠ ’ਤੇ ਪਾਬੰਦੀ, ਵਿਆਹ/ਅੰਤਿਮ ਸਸਕਾਰ ’ਚ 20 ਤੋਂ ਵੱਧ ਵਿਅਕਤੀਆਂ ਦਾ ਨਹੀਂ ਕੀਤਾ ਜਾ ਸਕਦਾ ਇਕੱਠ ਹੁਸ਼ਿਆਰਪੁਰ, 1 ਮਈ: ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਅਪਨੀਤ ਰਿਆਤ ਨੇ ਗ੍ਰਹਿ ਤੇ ਨਿਆ ਵਿਭਾਗ, ਪੰਜਾਬ ਸਰਕਾਰ ਵਲੋਂ ਜਾਰੀ ਨਿਰਦੇਸ਼ਾਂ ਤਹਿਤ ਕੋਵਿਡ-19 ਮਹਾਮਾਰੀ ਦੇ ਫੈਲਾਅ ਨੂੰ ਰੋਕਣ ਲਈ ਦਿੱਤੇ ਗਏ ਆਦੇਸ਼ਾਂ ਦੀ ਲਗਾਤਾਰਤਾ ਵਿੱਚ ਲਗਾਈਆਂ ਪਾਬੰਦੀਆਂ 15 ਮਈ ਤੱਕ ਵਧਾਉਣ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਸਬੰਧਤ ਐਸ.ਡੀ.ਐਮਜ਼ ਅਤੇ ਡੀ.ਐਸ.ਪੀਜ਼ ਨੂੰ ਹੁਕਮਾਂ ਦੀ ਸਖਤੀ ਨਾਲ ਪਾਲਣ ਕਰਨ ਦੇ ਨਿਰਦੇਸ਼ ਵੀ ਦਿੱਤੇ। ਜਾਰੀ ਹੁਕਮਾਂ ਵਿੱਚ ਜ਼ਿਲ੍ਹਾ ਮੈਜਿਸਟਰੇਟ ਵਲੋਂ ਜ਼ਿਲ੍ਹੇ ਵਿੱਚ ਰੋਜ਼ਾਨਾ ਰਾਤ ਦੇ ਕਰਫਿਊ ਵਿੱਚ ਆਮ ਲੋਕਾਂ ਦੀ ਗੈਰ ਜ਼ਰੂਰੀ ਆਵਾਜਾਈ ਸ਼ਾਮ 6 ਵਜੇ ਤੋਂ ਸਵੇਰੇ 5 ਵਜੇ ਤੱਕ ਪਾਬੰਦੀ ਲਗਾ ਦਿੱਤੀ ਹੈ ਜਦਕਿ ਹਫਤਾਵਰੀ ਕਰਫਿਊ ਸ਼ੁਕਰਵਾਰ ਸ਼ਾਮ 6 ਵਜੇ ਤੋਂ ਸੋਮਵਾਰ ਸਵੇਰੇ 5 ਵਜੇ ਤੱਕ ਰਹੇਗਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਜ਼ਿਲ੍ਹੇ ਦੀ ਹੱਦ ਅੰਦਰ ਗੈਰ ਜ਼ਰੂਰੀ ਆਵਾਜਾਈ ਅਤੇ ਸਾਰੀਆਂ ਗੈਰ ਜ਼ਰੂਰੀ ਗਤੀਵਿਧੀਆਂ ਬੰਦ ਰਹਿਣਗੀਆਂ। ਉਨ੍ਹਾਂ ਹੁਕਮ ਕੀਤੇ ਕਿ ਬੱਸਾਂ, ਟੈਕਸੀਆਂ ਤੇ ਆਟੋ ਵਿੱਚ ਲੋਕਾਂ ਦੇ ਬੈਠਣ ਦੀ ਗਿਣਤੀ ਦੀ ਸਮਰੱਥਾ 50 ਪ੍ਰਤੀਸ਼ਤ ਰੱਖੀ ਜਾਵੇ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਪਾਬੰਦੀਆਂ ਦੌਰਾਨ ਕੋਵਿਡ ਸਿਹਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਹਸਪਤਾਲ, ਪਸ਼ੂ ਹਸਪਤਾਲ, ਪਬਲਿਕ ਤੇ ਪ੍ਰਾਈਵੇਟ ਸੈਕਟਰ ਵਿੱਚ ਦਵਾਈਆਂ, ਮੈਡੀਕਲ ਉਪਕਰਨਾਂ ਦੇ ਮੈਨੂਫੈਕਚਰਿੰਗ ਤੇ ਸਪਲਾਈ ਦੀ ਆਵਾਜਾਈ ਨੂੰ ਛੋਟ ਰਹੇਗੀ ਅਤੇ ਕੈਮਿਸਟ ਦੀਆਂ ਦੁਕਾਨਾਂ, ਜ਼ਰੂਰੀ ਵਸਤੂਆਂ ਦੀਆਂ ਦੁਕਾਨਾਂ ਜਿਵੇਂ ਦੁੱਧ, ਡੇਅਰੀ ਉਤਪਾਦ, ਪੋਲਟਰੀ, ਮੀਟ, ਸਬਜੀ ਤੇ ਫ਼ਲ ਆਦਿ ਦੀਆਂ ਦੁਕਾਨਾਂ ਖੁੱਲ੍ਹੀਆਂ ਰਹਿਣਗੀਆਂ। ਇਸ ਤੋਂ ਇਲਾਵਾ ਨਿਰਮਾਣ ਉਦਯੋਗ ਅਤੇ ਇਸ ਵਿੱਚ ਕੰਮ ਕਰਨ ਵਾਲੇ ਕਰਮਚਾਰੀ, ਲੇਬਰ, ਵਾਹਨਾਂ ਤੋਂ ਇਲਾਵਾ ਰੇਲ, ਹਵਾਈ ਜਹਾਜ ਤੇ ਬੱਸਾਂ ਤੋਂ ਆਣ-ਜਾਣ ਵਾਲੇ ਯਾਤਰੀਆਂ ਨੂੰ ਆਵਾਜਾਈ ਤੋਂ ਛੋਟ ਰਹੇਗੀ।



# 14 ਮਈ ਨੂੰ ਮਨਾਇਆ ਜਾਵੇਗਾ ਭਗਵਾਨ ਪਰਸ਼ੂਰਾਮ ਜੀ ਦਾ ਜਨਮ ਉਤਸਵ: ਪੰਡਿਤ ਸ਼ੰਭੂਨਾਥ ਰਿਖੀ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਬ੍ਰਾਹਮਣ ਸਭਾ ਰਜਿਸਟਰਡ ਕਰਤਾਰਪੁਰ ਦੀ ਇਕ ਬੈਠਕ ਭਗਵਾਨ ਸ੍ਰੀ ਪਰਸ਼ੂਰਾਮ ਮੰਦਰ ਕੱਤਣੀ ਗੇਟ ਕਰਤਾਰਪੁਰ ਵਿਖੇ ਚੇਅਰਮੈਨ ਪੰਡਿਤ ਸ਼ੰਭੂਨਾਥ ਰਿਖੀ,ਪ੍ਰਧਾਨ ਰਮੇਸ਼ ਸ਼ਰਮਾ ਦੀ ਦੇਖ ਰੇਖ ਵਿਚ ਹੋਈ ।ਜਿਸ ਦੇ ਵਿਚ ਵਿਚਾਰ ਵਟਾਦਰਾਂ ਕਰ ਕੇ ਸਾਰੇ ਮੈਂਬਰਾਂ ਦੀ ਸਰਵਸੰਮਤੀ ਦੇ ਨਾਲ ਪਾਸ ਹੋਇਆ ਕਿ 14 ਮਈ 2021 ਨੂੰ ਮੰਦਰ ਦੇ ਵਿਹੜੇ ਵਿੱਚ ਭਗਵਾਨ ਸ੍ਰੀ ਪਰਸ਼ੂਰਾਮ ਜੀ ਦਾ ਜਨਮ ਉਤਸਵ ਬੜੀ ਸ਼ਰਧਾ ਪੂਰਵਕ ਨਾਲ ਮਨਾਇਆ ਜਾਏਗਾ ।ਪੰਡਿਤ ਸ਼ੰਭੂ ਨਾਥ ਰਿਖੀ ਨੇ ਦੱਸਿਆ ਕਿ 14 ਮਈ ਨੂੰ ਸਵੇਰੇ ਪਹਿਲਾਂ ਭਗਵਾਨ ਪਰਸ਼ੂਰਾਮ ਦੀ ਮੂਰਤੀ ਨੂੰ ਦੁੱਧ ਨਾਲ ਅਭਿਸ਼ੇਕ ਕਰਵਾ ਕੇ ਪੂਜਾ ਅਰਚਨਾ ਕੀਤੀ ਜਾਏਗੀ ।ਹਵਨ ਯੱਗ ਅਤੇ ਝੰਡਾ ਝੜਾਇਆ ਜਾਵੇਗਾ ਅਤੇ ਸਾਰਾ ਸਮਾਗਮ ਬੜੀ ਸਾਦਗੀ ਦੇ ਨਾਲ ਸੰਪੰਨ ਕੀਤਾ ਜਾਵੇਗਾ ।ਕਵਿਡ -19 ਦੇ ਨਿਯਮਾਂ ਦੀ ਪਾਲਣਾ ਪੂਰੀ ਤਰ੍ਹਾਂ ਨਾਲ ਕੀਤੀ ਜਾਵੇਗੀ । ਉਨ੍ਹਾਂ ਨੇ ਕਿਹਾ ਕਿ ਅੱਗੇ ਸਰਕਾਰ ਦੁਆਰਾ ਜੋ ਵੀ ਦਿਸ਼ਾ ਨਿਰਦੇਸ਼ ਆਉਣਗੇ ਉਨ੍ਹਾਂ ਦੇ ਦਿਸ਼ਾ ਨਿਰਦੇਸ਼ ਦੇ ਤਹਿਤ ਪ੍ਰੋਗਰਾਮ ਦੇ ਵਿਚ ਬਦਲਾਅ ਵੀ ਕੀਤਾ ਜਾ ਸਕਦਾ ਹੈ ।

ਇਸ ਮੌਕੇ ਤੇ ਦਰਸ਼ਨ ਲਾਲ ਸ਼ਰਮਾ, ਸ਼ਾਮ ਲਾਲ ਸ਼ਰਮਾ,ਪ੍ਰਦੀਪ ਸ਼ਰਮਾ ,ਤ੍ਰਿਲੋਕ ਚੰਦ ਰਿਖੀ ,ਸੁਜੀਤ ਪ੍ਰਕਾਸ਼ ਰਿਸ਼ੀ,ਕੁਲਦੀਪ ਅਗਨੀਹੋਤਰੀ, ਵਿਨੋਦ ਜਸਰਾ ,ਵਿਜੇ ਸੁਤੰਤਰ ਦਵੇਸਰ ,ਉਪਕਾਰ ਪਰਾਸ਼ਰ ,ਪੰਡਿਤ ਸ਼ੰਕਰ ਝਾ,ਗਗਨ ਗੌਤਮ ਅਤੇ ਪੰਡਿਤ ਰਾਮ ਲਾਲ ਆਦਿ ਮੌਜੂਦ ਸਨ ।

# ਕੰਡੀ ਖੇਤਰ ਦੇ ਪਿੰਡਾਂ ਨੂੰ ਪੀਣ ਵਾਲੇ ਪਾਣੀ ਕਾਰਨ ਕਰਨਾ ਪੈ ਰਿਹਾ ਹੈ ਭਾਰੀ ਮੁਸ਼ਕਿਲਾਂ ਦਾ ਸਾਹਮਣਾ



**ਮੁਕੇਰੀਆਂ(ਜਸਵੀਰ ਸਿੰਘ ਪੁਰੇਵਾਲ)** ਮੁਕੇਰੀਆਂ ਦੇ ਬਲਾਕ ਹਾਜੀਪੁਰ ਦੇ ਸੰਗਮ ਵੈਲਫੇਅਰ ਸੁਸਾਇਟੀ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਇਥੇ 70 ਹਾਰਸ ਪਾਵਰ ਦੀ ਮੋਟਰ ਅਤੇ 2 ਲੱਖ 70 ਹਜ਼ਾਰ ਲੀਟਰ ਪਾਣੀ ਵਾਲੀ ਟੈਂਕੀ ਹੈ, ਫਿਰ ਵੀ ਪਾਣੀ ਦੀ ਕਾਨੀ ਵੰਡ ਕਾਰਣ ਲੋਕਾਂ ਤੱਕ ਪੀਣ ਵਾਲਾ ਪਾਣੀ ਨਹੀਂ ਪਹੁੰਚ ਰਿਹਾ,। ਜਿਵੇਂ ਕਿ ਕੁਝ ਟੂਟੀਆਂ ਸਵੇਰ ਤੋਂ ਸ਼ਾਮ ਤੱਕ ਚੱਲਦੀਆਂ ਰਹਿੰਦੀਆਂ ਹਨ ਪਰ ਕੁਝ ਘਰਾਂ ਵਿੱਚ ਇਹ ਪਾਣੀ ਦੀ ਸਪਲਾਈ ਵਿਭਾਗ ਦੀ ਨਿਲਾਇਕੀ ਕਾਰਨ ਨਹੀਂ ਪੁੱਜਦਾ । 70 ਹਾਰਸ ਪਾਵਰ ਦੀ ਮੋਟਰ ਹੋਣ ਦੇ ਬਾਵਜੂਦ ਵੀ ਹਰੇਕ ਖੇਤਰ ਵਿਚ 15-15, 20-20 ਟੂਟੀਆਂ ਤੱਕ ਵੀ ਨਹੀਂ ਪਹੁੰਚ ਪਾਉਂਦੀ,। ਆਉਣ ਵਾਲੇ ਸਮੇਂ ਵਿੱਚ ਜਿਵੇ ਜਿਵੇ ਪਾਣੀ ਦੇ ਨਵੇ ਕਨੈਕਸ਼ਨ ਵੱਧ ਰਹੇ ਹਨ ਪਾਣੀ ਤਾਂ ਬਿਲਕੁਲ ਵੀ ਨਹੀਂ ਪੁੱਜੇਗਾ। ਉਹਨਾਂ ਕਿਹਾ ਸਾਡੇ ਪਿੰਡ ਦੀ ਮਹਿਕਮੇ ਵਲੋਂ ਕੀਤੀ ਜਾਂਦੀ ਪਾਣੀ ਦੀ ਸਪਲਾਈ ਜੋ ਬੁੰਕਰਨਪੁਰ ਅਤੇ ਰਾਜਵਾਲ ਨੂੰ ਪਾਣੀ ਦੀ ਸਪਲਾਈ ਭੰਬੋਤਾੜ ਤੋਂ ਹੁੰਦੀ ਹੈ ਇਹ ਵੰਡ ਵੀ ਸਹੀ ਨਹੀਂ ਹੈ.ਪ੍ਰਧਾਨ ਅਵਤਾਰ ਸਿੰਘ ਨੇ ਵਿਧਾਇਕ ਸ੍ਰੀ ਮਿੱਕੀ ਡੋਗਰਾ ਜੀ ਤੋਂ ਮੰਗ ਕੀਤੀ ਹੈ ਕਿ ਤੁਰੰਤ ਪਾਣੀ ਦੀ ਸਪਲਾਈ ਨੂੰ ਸਹੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਵਿਭਾਗ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਪਿੰਡ ਰਾਜਵਾਲ ਲਈ ਵੱਖਰੇ ਪਾਣੀ ਦੀ ਵੱਖਰੀ ਸਪਲਾਈ ਦੀ ਮੰਗ ਕੀਤੀ ਜਾਵੇ।

# ਨਗਰ ਨਿਗਮ ਕਮਿਸ਼ਨਰ ਨੇ ਕੀਤਾ ਕਾਲਕਾ-ਪਿੰਜੌਰ ਦਾ ਦੌਰਾ

**ਪੰਚਕੂਲਾ (ਦੀਪਕ ਸ਼ਰਮਾ)** ਕੋਰੋਨਾ ਦੇ ਵੱਧ ਰਹੇ ਸੰਕ੍ਰਮਣ ਦੇ ਮੱਦੇਨਜਰ, ਨਗਰ ਨਿਗਮ ਕਮਿਸਨਰ ਆਰ.ਕੇ. ਸਿੰਘ ਨੇ ਕਾਲਕਾ-ਪਿੰਜੌਰ ਦਾ ਦੌਰਾ ਕੀਤਾ । ਇਸ ਦੌਰਾਨ ਉਨਾਂ ਨਿਗਮ ਦੇ ਅਧਿਕਾਰੀਆਂ ਨੂੰ ਦੋਵਾਂ ਥਾਵਾਂ ’ਤੇ ਸਵੱਛਤਾ ਨੂੰ ਮਜਬੂਤ ਕਰਨ ਦੇ ਨਿਰਦੇਸ ਦਿੱਤੇ । ਉਨਾਂ ਕਾਲਕਾ ਦੇ ਅੰਬੇ-ਦਕਰ ਭਵਨ ਵਿਖੇ ਨਾਰੀਅਲ ਭੰਨ ਕੇ ਸਫਾਈ ਮਸੀਨ ਦਾ ਉਦਘਾਟਨ ਵੀ ਕੀਤਾ । ਨਿਗਮ ਕਮਿਸਨਰ ਨੇ ਅਧਿਕਾਰੀਆਂ ਦੀ ਟੀਮ ਦੇ ਨਾਲ ਪਿੰਜੌਰ ਦੇ ਪਿੰਡ ਹਿਮਸੀਖਾ, ਕਾਲਕਾ ਦੇ ਰਾਮਬਾਗ ਅਤੇ ਪਿੰਡ ਮਾਜਰਾ ਮਹਿਤਾਬ ਦੇ ਸਮਸਾਨ ਘਾਟ ਦਾ ਵੀ ਨਿਰੀਖਣ ਕੀਤਾ ।ਉਨਾਂ ਕਿਹਾ ਕਿ ਉਨਾਂ ਨੂੰ ਲੱਕੜ, ਪੀਣ ਵਾਲੇ ਪਾਣੀ ਅਤੇ ਸਾਫ ਸਫਾਈ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ । ਉਨਾਂ ਨੇ ਨਿਗਮ ਦੁਆਰਾ 49 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਹਿਮਸੀਖਾ ਵਿਖੇ ਸੈਨੀਟਾਈਜਰ ਪਾਰਕ ਦਾ ਵੀ ਦੌਰਾ ਕੀਤਾ । ਉਨਾਂ ਬਾਕੀ ਕੰਮਾਂ ਨੂੰ ਜਲਦੀ ਪੂਰਾ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ । ਉਨਾਂ ਨਗਰ ਨਿਗਮ ਦੇ ਸਮਸਾਨਘਾਟ ਦੇ ਜਮੀਨੀ ਰਿਕਾਰਡ ਦੀ ਪਹਿਲ ਦੇ ਅਧਾਰ ਤੇ ਰਿਪੋਰਟ ਸੌਂਪਣ ਦੇ ਨਿਰਦੇਸ ਵੀ ਦਿੱਤੇ । ਕਮਿਸਨਰ ਆਰ ਕੇ ਸਿੰਘ ਨੇ ਕਾਲਕਾ ਵਿਖੇ ਰੇਲਵੇ ਸਟੇਸਨ ਦਾ ਦੌਰਾ ਕੀਤਾ ਅਤੇ ਉਥੇ ਸਾਫ-ਸਫਾਈ ਅਤੇ ਪਲਾਸਟਿਕ ਦੀ ਵਰਤੋਂ ਨੂੰ ਰੋਕਣ ਦੇ ਆਦੇਸ ਦਿੱਤੇ । ਇਸ ਤੋਂ ਬਾਅਦ ਉਹ ਕਾਲਕਾ ਸਥਿਤ ਅੰਬੇਦਕਰ ਭਵਨ ਪਹੁੰਚੇ । ਉਨਾਂ ਕਾਲਕਾ ਦੇ ਕਾਰਜਸਾਧਕ ਅਫਸਰ ਨਿਸਾ ਸਰਮਾ ਨੂੰ ਹਦਾਇਤ ਕੀਤੀ ਕਿ ਉਹ ਇਮਾਰਤ ਦੇ ਰੰਗ ਰੋਗਨ ਅਤੇ ਹੋਰ ਮੁਰੰਮਤ ਦਾ ਐਸਟੀਮੇਟ ਬਣਾ ਕੇ ਜਲਦੀ ਭੇਜ ਦੇਣ। ਇਸ ਮੌਕੇ ਕਾਲਕਾ ਸਥਿਤ ਅੰਬੇਦਕਰ ਭਵਨ ਦੇ ਅਹਾਤੇ ਤੋਂ ਨਾਰੀਅਲ ਤੋੜ ਕੇ ਸਫਾਈ ਮਸੀਨ ਦਾ ਉਦਘਾਟਨ ਕੀਤਾ ਗਿਆ । ਉਨਾਂ ਨੇ ਕਾਰਜਕਾਰੀ ਅਧਿਕਾਰੀ ਨੂੰ ਵਿਸੇਸ ਤੌਰ ‘ਤੇ ਆਦੇਸ ਦਿੱਤਾ ਕਿ ਨਿਗਮ ਦੀ ਤਰਫੋਂ ਗਠਿਤ ਸੈਨੀਟਾਈਜਰ ਟੀਮ ਖੁਦ ਨੂੰ ਇਹ ਸੁਨਿਸਚਿਤ ਕਰੇ ਕਿ ਟੀਮ ਦੁਆਰਾ ਸਵੱਛਤਾ ਕਾਰਜ ਸਹੀ ਢੰਗ ਨਾਲ ਚੱਲ ਰਿਹਾ ਹੈ। ਇਸ ਦੇ ਨਾਲ ਹੀ ਉਨਾਂ ਸਫਾਈ ਮਸੀਨ ਦਾ ਸਵੈ-ਨਿਰੀਖਣ ਕਰਨ ਦਾ ਨਿਰਦੇਸ ਦਿਤਾ । ਕਾਲਕਾ ਕਾਰਜਕਾਰੀ ਅਧਿਕਾਰੀ ਨਿਸਾ ਸਰਮਾ, ਨਿਗਮ ਦੇ ਕਾਰਜਕਾਰੀ ਇੰਜੀਨੀਅਰ ਅੰਕਿਤ ਲੋਹਾਨ, ਐਸ.ਡੀ.ਓ ਰਵਿੰਦਰ ਮਲਿਕ, ਜੇ.ਈ ਜਤਿਨ, ਸੀ.ਐਸ.ਆਈ ਸੁਨੀਲ ਦੱਤ ਕੌਸਕਿ, ਕਮਿਸਨਰ ਆਰ ਕੇ ਸਿੰਘ ਇਸ ਮੌਕੇ ਹਾਜਰ ਸਨ ।

# ਚਰਖੀ ਦਾਦਰੀ ’ਚ ਵਾਰਦਾਤ: ਰੁੱਸ ਕੇ ਪੇਕੇ ਰਹਿੰਦੀ ਪਤਨੀ ਨੂੰ ਦਰਵਾਜ਼ਾ ਖੁੱਲ੍ਹਦੇ ਸਾਰ ਤਿੰਨ ਗੋਲੀਆਂ ਮਾਰ ਕੇ ਮਾਰ ਦਿੱਤਾ

**ਚਰਖੀ ਦਾਦਰੀ (ਹਰਿਆਣਾ)।** ਪਿੰਡ ਡਲਾਨਵਾਸ ਵਿੱਚ ਕੱਲ੍ਹ ਤੜਕੇ ਆਪਣੇ ਪੇਕੇ ਰਹਿੰਦੀ ਔਰਤਨੂੰ ਉਸ ਦੇ ਪਤੀ ਨੇ ਤਿੰਨ ਗੋਲੀਆਂ ਮਾਰ ਕੇਮਾਰ ਦਿੱਤਾ। ਕਾਤਲ ਨੇ ਤਿੰਨ ਦਿਨ ਪਹਿਲਾਂ ਵੀ ਆਪਣੀ ਪਤਨੀ ਦੇ ਮਕਾਨ ਸਾਹਮਣੇ ਹਵਾਈ ਫਾਇਰਿੰਗ ਕੀਤੀ ਸੀ। ਔਰਤ ਦੀ ਮੌਤ ਦੇ ਬਾਅਦ ਝੱਜਰ ਪੁਲਸ ਨੇ ਦੋਸ਼ੀ ਵਿਅਕਤੀ ਦੇ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਝੱਜਰ ਜ਼ਿਲ੍ਹੇ ਵਿਚਲੇ ਪਿੰਡ ਡਲਾਨਵਾਸ ਦੀ 34 ਸਾਲਾ ਜਸਵੰਤੀ ਦਾ ਕਾਫੀ ਸਮੇਂ ਤੋਂ ਆਪਣੇ ਪਤੀ ਮਹਾਵੀਰ ਵਾਸੀਪਿੰਡ ਮਾਤਨ-ਹੇਲ ਨਾਲ ਝਗੜਾ ਚੱਲ ਰਿਹਾ ਸੀ। ਇਸ ਕਾਰਨ ਜਸਵੰਤੀ ਆਪਣੇ ਪਤੀ ਨਾਲ ਨਾਰਾਜ਼ ਹੋ ਕੇ ਪੇਕੇ ਰਹਿਣ ਲੱਗ ਪਈ ਸੀ। ਇਸ ਦੇ ਬਾਅਦ ਵੀ ਮਹਾਵੀਰ ਨੇ ਉਸ ਨੂੰ ਪ੍ਰੇਸ਼ਾਨ ਕਰਨਾ ਨਹੀਂ ਛੱਡਿਆ। ਬੀਤੀ 27 ਅਪ੍ਰੈਲ ਨੂੰ




ਮਹਾਵੀਰ ਪਤਨੀ ਦੇ ਪੇਕੇ ਪਹੁੰ-ਚਆ ਅਤੇ ਜਸਵੰਤੀ ਦੇ ਮਕਾਨ ਸਾਹਮਣੇ ਖੜ੍ਹੇ ਹੋ ਕੇ ਕਈ ਹਵਾਈ ਫਾਇਰ ਕੀਤੇ, ਪਰ ਲੋਕਾਂ ਨੂੰ ਇਕੱਠੇ ਹੁੰਦੇ ਦੇਖ ਕੇ ਦੌੜ ਗਿਆ। ਇਸ ਦੇ ਬਾਅਦ ਪਤਨੀ ਨੂੰ ਫੋਨ ਕਰ ਕੇ ਮੇਨ ਦਰਵਾਜ਼ਾ ਖੋਲ੍ਹਣ ਨੂੰ ਕਿਹਾ। ਜਸਵੰਤੀ ਨੇ ਜਦੋਂ ਗੇਟ ਖੋਲ੍ਹਿਆ ਤਾਂਓਥੇ ਖੜ੍ਹੇ ਮਹਾਵੀਰ ਨੇ ਗੋਲੀਆਂ ਚਲਾ ਦਿੱਤੀਆਂ। ਇਸ ਵਿੱਚੋਂ ਦੋ ਗੋਲੀਆਂ ਪਤਨੀ ਦੇ ਸਿਰ ਵਿੱਚ ਲੱਗੀਆਂ ਅਤੇ ਇੱਕ ਪਟ ਵਿੱਚ ਜਾ ਲੱਗੀ ਪਰਿਵਾਰ ਵਾਲੇ ਓਥੇ ਪਹੁੰਚੇ ਤਾਂ ਮਹਾਵੀਰ ਭੱਜ ਗਿਆ। ਪਰਿਵਾਰ ਵਾਲੇ ਉਸ ਨੂੰ ਚੁੱਕ ਕੇ ਦਾਦਰੀ ਸਿਵਲ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸੂਚਨਾ ਮਿਲਦੇ ਸਾਰ ਝਾੜਲੀ ਚੌਕੀ ਦੀ ਪੁਲਸ ਵੀ ਦਾਦਰੀ ਸਿਵਲ ਹਸਪਤਾਲ ਵਿੱਚ ਪਹੁੰਚ ਗਈ।